ਫ਼ੋਜ਼ੀਆ ਇਸਹਾਕ

ਰਿਸਰਚ ਸਕਾਲਰ : ਅਦਾਰਾ ਪੰਜਾਬੀ ਸਾਹਿਤ ਤੇ ਰਹਿਤਲ ਸਾਰ

foziaishaaq716@gmail.com

00923096061167

# "ਰੱਬਾ"

## ( ਪ੍ਰੋਫ਼ੈਸਰ ਮੋਹਨ ਸਿੰਘ )

ਪੰਜਾਬ ਦੀ ਧਰਤੀ ਸੂਫ਼ੀਆਂ, ਵਲੀਆਂ ਤੇ ਦਰਵੇਸ਼ਾਂ ਦੀ ਧਰਤੀ ਹੈ। ਇਸ ਪਾਕ ਧਰਤੀ ਨੇ ਸਦੀਆਂ ਤੋਂ ਵੱਖੋ ਵੱਖ ਮਜ਼ਹਬਾਂ ਤੇ ਧਰਮਾਂ ਦੀ ਵਿਰਾਸਤ ਸਾਂਭੀ ਹੋਈ ਏ। ਬਾਬਾ ਫ਼ਰੀਦ ਦੇ ਸਲੋਕ ਤੇ ਬਾਬਾ ਨਾਨਕ ਦੀ ਬਾਣੀ ਦੀ ਸੁਗੰਧ ਵੀ ਇਸ ਪਵਿੱਤਰ ਧਰਤੀ ਦੀ ਮਿੱਟੀ ਵਿਚ ਰਚੀ ਹੈ। ਬਾਬਾ ਫ਼ਰੀਦ ਤੋਂ ਖ਼ੁਆਜਾ ਗ਼ੁਲਾਮ ਫ਼ਰੀਦ ਤੱਕ ਸੂਫ਼ੀ ਸ਼ਾਇਰ ਉਹ ਰੌਸ਼ਨ ਦੀਵੇ ਨੇ, ਜਿੰਨ੍ਹਾਂ ਦੀ ਲੋਅ ਸਦਾ ਜਗਦੀ ਰਹੇਗੀ।

ਵੀਹਵੀਂ ਸਦੀ ਦੇ ਸ਼ਾਇਰਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਸ਼ਾਇਰਾਂ ਨੇ ਆਪਣੀ ਕਦੀਮ ਸੂਫ਼ੀ ਰੀਤ ਨੂੰ ਟੁੱਟਣ ਨਹੀਂ ਦਿੱਤਾ। ਵੇਲੇ ਦੇ ਨਾਲ-ਨਾਲ ਜਿਥੇ ਵੱਖੋ ਵੱਖ ਲਿਖਤਾਂ ਲਿਖੀਆਂ ਗਈਆਂ ਓਥੇ ਸੂਫ਼ੀ ਰੰਗ ਹੋਰ ਵੀ ਗੂੜ੍ਹਾ ਹੁੰਦਾ ਗਿਆ। ਸੱਚੀ ਗੱਲ ਇਹ ਹੈ ਕਿ ਸਭ ਲੇਖਕ ਪੰਜਾਬੀ ਅਦਬ (ਸਾਹਿਤ) ਦੇ ਉਹ ਸੱਚੇ ਨਗੀਨੇ ਨੇ ਜਿਹੜੇ ਹਮੇਸ਼ਾ ਲਿਸ਼ਕਦੇ ਰਹਿਣਗੇ। ਸੂਫ਼ੀ ਰੰਗ 'ਚ ਰੰਗੇ ਸ਼ਾਇਰ ਪ੍ਰੋਫ਼ੈਸਰ ਮੋਹਨ ਸਿੰਘ ਦੀ ਗੱਲ ਕਰੀਏ ਤਾਂ ਉਹ ਪੰਜਾਬੀ ਜਦੀਦ ਸ਼ਾਇਰੀ ਦੇ ਮੋਢੀ ਕਵੀਆਂ ਦੀ ਕਤਾਰ ਵਿਚੋਂ ਨੇ। ਉਨ੍ਹਾਂ ਦੇ ਨਾਲ਼ ਸ਼ਿਵ ਕੁਮਾਰ ਬਟਾਲਵੀ, ਅਮ੍ਰਿਤਾ ਪ੍ਰੀਤਮ ਤੇ ਹਰਭਜਨ ਸਿੰਘ ਵੀ ਸਿਰਕਢਵੇਂ ਸ਼ਾਇਰਾਂ ਵਿਚੋਂ ਨੇ। ਮੋਹਨ ਸਿੰਘ ਜੀ ਨੇ ਪੰਜਾਬੀ ਜੀਵਨ ਦੇ ਬਹੁਤ ਸਾਰੇ ਪੱਖਾਂ ਤੇ ਨਜ਼ਮਾਂ ਲਿਖੀਆਂ। ਆਪ ਦੀ ਨਜ਼ਰ ਫ਼ਾਰਸੀ, ਉਰਦੂ ਤੇ ਅੰਗਰੇਜ਼ੀ ਸਾਹਿਤ ਤੇ ਬਹੁਤ ਡੂੰਘੀ

ਸੀ। ਇਸ ਲਈ ਉਨ੍ਹਾਂ ਦੀ ਸੋਚ ਤੇ ਲਿਖਤ ਉੱਤੇ ਫ਼ਾਰਸੀ ਅਦਬ ਦੀ ਛਾਪ ਬੜੀ ਗਹਿਰੀ ਹੈ। ਉਨ੍ਹਾਂ ਪੰਜਾਬੀ ਜ਼ਬਾਨ ਤੇ ਅਦਬ ਵਿਚ ਵੀ ਦਿਲ ਖੋਲ ਕੇ ਵਾਧਾ ਕੀਤਾ। ਉਨ੍ਹਾਂ ਦੀਆਂ ਨਜ਼ਮਾਂ ਵਿਚ ਰੀਤ ਤੇ ਪ੍ਰੀਤ ਤੋਂ ਜੁੜੇ ਕਈ ਵਿਸ਼ੇ ਮਿਲ ਜਾਂਦੇ ਹਨ, ਜਿਵੇਂ ਨਜ਼ਮ(ਕੁੜੀ ਪੋਠੋਹਾਰ ਦੀ) ਵਿਚ ਰੁਮਾਨਵੀ ਰੰਗ ਬਹੁਤ ਉਘੜਵਾਂ ਹੈ।

ਸਿਰ ਤੇ ਚੁੱਕੀ ਪੰਡ ਘਾਹ ਦੀ

ਪੈਲਾਂ ਪਾਂਦੀ

ਝੋਲੇ ਖਾਂਦੀ ਆਈ ਕੁੜੀ ਪੋਠੋਹਾਰ ਦੀ

ਸਾਵੇ ਸਾਵੇ ਘਾਹ ਦੇ ਥੱਬੇ

ਵਿਚ ਵਿਚ ਝਾਂਕਣ ਨੀਲੇ ਪੀਲੇ

ਫੁੱਲ ਪਟਾਕੀ ਤੇ ਸਰ੍ਹੋਂ ਦੇ

ਹਰੀਆਂ ਹਰੀਆਂ, ਲੰਮੀਆਂ ਲੰਮੀਆਂ

ਘਾਹ ਦੀਆਂ ਤਣੀਆਂ

ਲਮਕ ਲਮਕ ਕੇ ਮੂੰਹ ਤੇ ਪਈਆਂ

ਘੂੰਘਟ ਵਾਂਗੂੰ

ਐਸਾ ਜਾਲ਼ ਉਨ੍ਹਾਂ ਨੇ ਬੁਣਿਆ

ਝਲਕ ਨਾ ਪਈ ਨੁਹਾਰ ਦੀ

ਥਿਗੜਿਆਂ ਵਾਲੀ ਸੁੱਥਣ ਕੁੰਜ ਕੇ

ਫੜ ਕੇ ਮੇਰੀ ਬਾਂਹ

ਠੱਲ੍ਹ ਪਈ ਸੁਹਾਂ, ਕੁੜੀ ਪੋਠੋਹਾਰ ਦੀ

ਮੋਹਨ ਸਿੰਘ ਦੀ ਕਵਿਤਾ "ਰੱਬ " ਇਕ ਪਾਸੇ ਸੱਜਰੇ ਤੇ ਨਰੋਏ ਜਜ਼ਬਿਆਂ ਦੀ ਵੰਨਗੀ ਹੈ ਤੇ ਦੂਜੇ ਪਾਸੇ ਨਜ਼ਮ "ਰੱਬ" ਦਾ ਸਿਰਨਾਵਾਂ ਹੀ ਆਪਣੇ ਆਪ ਵਿਚ ਰੱਬ ਦੀ ਤਾਂਘ, ਸਿਕ, ਸਧਰ ਤੇ ਇਸ਼ਕ ਦੀ ਉਹ

ਦਾਸਤਾਨ ਹੈ ਜਿਸ ਵਿਚ ਕੁੱਲ ਖ਼ੁਦਾਈ ਰੰਗੀ ਨਜ਼ਰ ਆਉਂਦਾ ਹੈ, ਜਿਵੇਂ ਮੋਹਨ ਸਿੰਘ ਆਖਦੇ ਨੇ:

ਰੱਬ ਇੱਕ ਗੁੰਝਲਦਾਰ ਬੁਝਾਰਤ

ਰੱਬ ਇਕ ਗੋਰਖਧੰਦਾ

ਖੋਲਣ ਲੱਗਿਆਂ ਪੇਚ ਇਸ ਦੇ

ਕਾਫ਼ਰ ਹੋ ਜਏ ਬੰਦਾ।

ਕਾਫ਼ਰ ਹੋਣੋਂ ਡਰ ਕੇ ਜੀਵੇਂ

ਖੋਜੋਂ ਮੂਲ ਨਾ ਖੁੰਝੀ।

ਲਾਈ ਲੱਗ ਮੋਮਿਨ ਦੇ ਕੋਲੋਂ

ਖੋਜੀ ਕਾਫ਼ਰ ਚੰਗਾ

ਰੱਬ, ਅੱਲ੍ਹਾ, ਰਾਮ, ਰਹੀਮ, ਭਗਵਾਨ, ਕ੍ਰਿਸ਼ਨ ਆਦਿ ਸਭ ਇਸ ਜ਼ਾਤ ਦੇ ਨਾਂ ਹਨ ਜਿਹੜਾ ਪੂਰੇ ਸੰਸਾਰ ਦਾ ਪਾਲਣਹਾਰ ਹੈ। ਇਕ ਅਣਡਿੱਠੀ ਤਾਕਤ ਨੇ ਸਾਰੇ ਸੰਸਾਰ ਨੂੰ ਆਪਣੀ ਵਲ਼ਗਣ ਵਿਚ ਵਲ੍ਹੇਟਿਆ ਹੋਇਆ ਹੈ। ਜਿਹੜਾ ਇਸ ਜ਼ਾਤ ਨੂੰ ਜਿਵੇਂ ਜਾਣਦਾ ਤੇ ਪਹਿਚਾਣਦਾ ਹੈ ਉਸੇ ਨਾਂ ਨਾਲ਼ ਉਸ ਨੂੰ ਪੁਕਾਰਦਾ ਹੈ। ਨਜ਼ਮ ‘ਰੱਬ’ ਦਾ ਵੇਰਵਾ ਕਰਨ ਲਈ ਤਾਰੀਖ਼ੀ ਪਿਛੋਕੜ ਵੱਲ ਝਾਤ ਪਾਉਣੀ ਲੋੜੀਂਦੀ ਹੈ। ਬਾਬਾ ਫ਼ਰੀਦ ਦਾ ਕਲਾਮ ਪੰਜਾਬੀ ਅਦਬ ਵਿਚ ਮੁਢਲੀ ਹੈਸੀਅਤ ਰੱਖਦਾ ਹੈ। ਉਨ੍ਹਾਂ ਦੇ ਕਈ ਸਲੋਕ ਰੱਬ ਦੀ ਖੋਜ, ਭਾਲ਼ ਤੇ ਇਸ਼ਕ ਦੇ ਰੰਗ ’ਚ ਰੰਗੇ ਮਿਲਦੇ ਹਨ।

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂੰਢੇਹਿ ॥

ਬਾਬਾ ਨਾਨਕ ਦੇਵ ਜੀ ਦਾ ਸਾਰਾ ਕਲਾਮ ਹੀ ਤਸੱਵੁਫ਼ ਤੇ ਇਸ਼ਕ ਦਾ ਹੜ੍ਹ ਏ। ਮੋਹਨ ਸਿੰਘ ਵੀ ਇਸ ਵਹਿਣ ਵਿਚ ਵਹਿੰਦੇ ਨਜ਼ਰ ਆਉਂਦੇ ਨੇ। ਪੰਜਵੇਂ ਬਾਬਾ ਨਾਨਕ (ਗੁਰੂ ਅਰਜਨ ਸਾਹਿਬ) ਦੇ ਕਲਾਮ ਦੀ ਵੰਨਗੀ ਵੇਖੋ:

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥

ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥

ਕਾਰਣ ਕਰਣ ਕਰੀਮ ॥

ਕਿਰਪਾ ਧਾਰਿ ਰਹੀਮ ॥੧॥ ਰਹਾਉ ॥

ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥

ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥

ਭਗਤ ਕਬੀਰ ਪੰਦਰ੍ਹਵੀਂ ਸਦੀ ਦੇ ਉਹ ਸੂਫ਼ੀ ਸ਼ਾਇਰ ਨੇਂ ਜਿਹਨਾਂ ਨੇੜੇ ਰੱਬ ਦਾ ਨੂਰ ਉਹਦੇ ਬੰਦਿਆਂ ਦੀ ਸੂਰਤ 'ਚ ਸੰਸਾਰ ਤੇ ਖਿਲਰਿਆ ਹੋਇਆ ਹੈ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

ਸ਼ਾਹ ਹੁਸੈਨ ਕੋਲ਼ ਰੱਬ ਦਾ ਇਸ਼ਕ,ਆਸ਼ਿਕ ਦੀ ਉਹ ਕਮਾਈ ਏ ਜੋ ਆਸ਼ਿਕ ਆਪਣੇ ਅੰਦਰ ਨੂੰ ਪਾਕ ਕਰ ਕੇ ਕਮਾਂਦਾ ਏ, ਜਿਵੇਂ

ਆਸ਼ਿਕ ਹੋਵੇਂ ਤਾਂ ਇਸ਼ਕ ਕਮਾਵੇਂ

ਰਾਹ ਇਸ਼ਕ ਦਾ ਸੂਈ ਨੱਕਾ

ਧਾਗਾ ਹੋਵੇਂ ਤਾਂ ਜਾਵੇਂ

ਬਾਹਰ ਪਾਕ ਅੰਦਰ ਆਲੂਦਾ

ਕਿਆ ਤੂੰ ਸ਼ੇਖ਼ ਕਹਾਵੀਂ

ਕਹੇ ਹੁਸੈਨ ਜੇ ਫ਼ਾਰਗ਼ ਥੀਵੇਂ

ਖ਼ਾਸ ਮਰਾਤਬਾ ਪਾਵੇਂ

ਰੱਬ ਦੀ ਖੋਜ ਤੇ ਇਸ਼ਕ-ਏ-ਹਕੀਕੀ ਦਾ ਰੰਗ ਪੰਜਾਬੀ ਅਦਬ ਦੇ ਹਰ ਪੰਨੇ ਤੇ ਖਿਲਰਿਆ ਮਿਲਦਾ ਏ ਤੇ ਬਾਬਾ ਬੁਲ੍ਹੇ ਸ਼ਾਹ ਕੋਲ਼ ਇਹਦਾ ਇਕ ਨਿਵੇਕਲਾ ਰੰਗ ਏ। ਉਹ ਰੱਬ ਦੀ ਖੋਜ "ਮੈਂ" ਦੀ ਨਿੰਦਿਆ ਨਾਲ਼ ਕਰਦੇ ਨੇ।

ਜੇ ਮੈਂ ਤੈਨੂੰ ਅੰਦਰ ਢੂੰਢਾਂ,ਤੇ ਫੇਰ ਮੁਕੀਦ ਜਾਨਾਂ

ਜੇ ਮੈਂ ਤੈਨੂੰ ਬਾਹਰ ਢੂੰਢਾਂ ਤੇ ਮੇਰੇ ਅੰਦਰ ਕੌਣ ਸਮਾਣਾ

ਸਭ ਕੁਛ ਤੂੰ ਐਂ,ਸਭ ਵਿਚ ਤੂੰ ਐਂ,ਸਭ ਤੋਂ ਪਾਕ ਪਛਾਣਾਂ

ਮੈਂ ਵੀ ਤੂੰ ਹੈਂ,ਤੂੰ ਵੀ ਮੈਂ ਹੈਂ,ਵਿੱਤ ਬੁੱਲ੍ਹਾ ਕੌਣ ਨਿਮਾਣਾ

ਸੁਲਤਾਨ ਬਾਹੂ ਦੀ"ਹੂ" ਦੀ ਕੂਕ ਵਿਚ ਵੀ ਰੱਬ ਦੀ ਭਾਲ਼ ਤੇ ਤਾਂਘ ਦੇ ਤਾਣੇ ਬਾਣੇ ਮਿਲਦੇ ਨੇ। ਉਹ ਰੱਬ ਦੀ ਖੋਜ ਨੂੰ ਮਨ ਦੀ ਪਾਕੀ ਨਾਲ਼ ਜੋੜਦੇ ਨੇ।

ਜੇ ਰੱਬ ਨਹਾਤਿਆਂ ਧੋਤਿਆਂ ਮਿਲਦਾ, ਮਿਲਦਾ ਡੱਡੂਆਂ ਮੱਛੀਆਂ ਨੂੰ

ਜੇ ਰੱਬ ਮਿਲਦਾ ਮੋਨ ਮਨਾਇਆ, ਮਿਲਦਾ ਭੇਡਾਂ ਸੱਸੀਆਂ ਨੂੰ

ਜੇ ਰੱਬ ਜੁੱਤੀਆਂ ਸੁੱਤਿਆਂ ਮਿਲਦਾ, ਮਿਲਦਾ ਦਾਨਦਾ ਖ਼ੁਸੀਆਂ ਨੂੰ

ਰੱਬ ਉਨ੍ਹਾਂ ਨੂੰ ਮਿਲਦਾ ਬਾਹੂ ਨੀਤਾਂ ਜਿਨ੍ਹਾਂ ਦੀਆਂ ਅੱਛੀਆਂ ਹੂ

ਸੂਫ਼ੀਆਨਾ ਸ਼ਾਇਰੀ ਸਫ਼ਾ ਤੇ ਸਿਦਕ ਰਾਹੀਂ ਲੋਕਾਈ ਨੂੰ ਸੱਚੀ ਤੇ ਸਿੱਧੀ ਰਾਹ ਵਿਖਾਂਦੀ ਏ। ਪੰਜਾਬੀ ਅਦਬ ਵਿਚ ਇਹਦਾ ਕੋਈ ਘਾਟਾ ਨਹੀਂ। "ਰੱਬ ਇਕ ਗੁੰਝਲਦਾਰ ਬੁਝਾਰਤ" ਅਜਿਹੇ ਕਲਾਮ ਦੀ ਇਕ ਵੰਨਗੀ ਏ। ਇਹ ਜਦੀਦ ਨਜ਼ਮ, ਕਦੀਮ ਸੂਫ਼ੀ ਸ਼ਾਇਰੀ ਦਾ ਇਕ ਰੰਗ ਜਾਪਦੀ ਏ। ਮੋਹਨ ਸਿੰਘ ਆਖਦੇ ਨੇ ਰੱਬ ਇਕ ਗੁੰਝਲਾਂ ਵਾਲੀ ਪਹੇਲੀ ਏ ਤੇ ਨਾ ਹੱਲ ਹੋਣ ਵਾਲਾ ਇਕ ਸਵਾਲ ਏ। ਏਸ ਬੁਝਾਰਤ ਨੂੰ ਬੁਝਣ ਲਈ ਲੱਖਾਂ ਸਾਧੂ, ਸੰਤ, ਵਲੀ ਤੇ ਦਰਵੇਸ਼ ਬਣ ਕੇ ਆਪਣੀ ਹੋਂਦ ਗੁਆ ਬੈਠੇ ਪਰ ਉਹਦੀ ਜ਼ਾਤ ਦਾ ਖੋਜ ਖੁਰਾ ਨਾ ਲੱਭ ਸਕੇ। ਇੱਥੇ ਸੋਚਣ ਵਾਲੀ ਗੱਲ ਇਹ ਏ ਜੇ ਬੁਝਾਰਤ ਰੱਬ ਏ ਤੇ "ਗੁੰਝਲਾਂ" ਕੀ ਨੇ? ਗੌਰ ਕਰੋ ਤਾਂ ਪਤਾ ਚਲਦਾ ਏ ਗੁੰਝਲਾਂ ਅਸਲ ਵਿਚ ਰੱਬ ਦੀਆਂ ਉਹ ਸਿਫ਼ਤਾਂ ਤੇ ਵਡਿਆਈਆਂ ਨੇ ਜਿਨ੍ਹਾਂ ਪਾਰੋਂ ਕਦੀ ਉਹ ਮੀਂਹ ਦੀਆਂ ਕਣੀਆਂ ਵਾਂਗ ਜੀਵਨ ਦਾਨ ਕਰਦਾ ਹੈ ਤੇ ਕਦੀ ਜਵਾਲਾਮੁਖੀ ਵਾਂਗ ਹਰ ਸ਼ੈਅ ਦੀ ਹੋਂਦ ਮੁਕਾ ਦਿੰਦਾ ਏ। ਉਸ ਜ਼ਾਤ ਦੇ ਗੁੰਝਲ਼

ਖੋਲਣ ਲਈ ਗੀਤਾ, ਗ੍ਰੰਥ ਤੇ ਕੁਰਆਨ ਦੇ ਵਰਕੇ ਫਰੋਲੇ ਗਏ ਤੇ ਇਕ ਜ਼ਾਤ ਨੂੰ ਵੱਖੋ ਵੱਖ ਸਿਫ਼ਤਾਂ ਨਾਲ ਪੁਕਾਰਿਆ ਗਿਆ ਹੈ। ਗੀਤਾ, ਗ੍ਰੰਥ ਵਿਚ ਉਹ ਰਾਮ, ਰੱਬ ਏ ਤੇ ਕੁਰਆਨ ਵਿਚ ਉਹਦੇ ਨੜਿੱਨਵੇਂ (99) ਨਾਂ ਨੇ ਜਿਹੜੀਆਂ ਉਹਦੀਆਂ ਸਿਫ਼ਤਾਂ ਤੇ ਵਡਿਆਈਆਂ ਨੇ। ਬੰਦਾ ਉਹਨੂੰ ਇਕ ਰੰਗ ਵਿਚ ਵੇਖਦਾ ਏ ਤੇ ਦੂਜੇ ਹੀ ਪਲ ਉਹ ਕਿਸੇ ਹੋਰ ਰੂਪ ਵਿਚ ਢਲ ਜਾਂਦਾ ਹੈ।

ਕਦੀ ਉਹ ਬੰਦੇ ਦੇ ਮਨ ਵਿਚ ਸਮਾ ਜਾਂਦਾ ਏ ਤੇ ਕਦੀ ਪੂਰੀ ਕਾਇਨਾਤ ਉਹਦੇ ਵਜੂਦ ਦੇ ਲਸ਼ਕਾਰਿਆਂ ਨਾਲ਼ ਚਮਕਦੀ ਦਿਸਦੀ ਏ। ਜਦੋਂ ਬੰਦਾ ਉਹਦੇ ਨੂਰ ਦੀਆਂ ਰਿਸ਼ਮਾਂ ਰਾਹੀਂ ਉਹਦੀ ਭਾਲ਼ ਕਰਦਾ ਏ ਤੇ ਅਜਿਹੇ ਗੋਰਖ ਧੰਦੇ ਵਿਚ ਉਲਝ ਜਾਂਦਾ ਏ ਜਿਥੋਂ ਬਾਹਰ ਨਿਕਲਣਾ ਬੜਾ ਔਖਾ ਏ ਤੇ ਸਿੱਧਾ ਰਾਹ ਲੱਭਣਾ ਇਸ ਤੋਂ ਵੱਧ ਔਖਾ(ਗੋਰਖ ਧੰਦਾ ਪੇਚਾਂ ਵਾਲਾ ਇਕ ਤਾਲ਼ਾ, ਭੁੱਲ ਭੁਲੇਖਿਆਂ ਵਾਲਾ ਇਕ ਰਾਹ ਏ)। ਇਹ ਤਾਂ ਓਪਰੀ ਗੱਲ ਏ ਪਰ ਗੁਝੀ ਰਮਜ਼ ਇਹ ਏ ਪਈ ਗੋਰਖ ਧੰਦਾ, ਇਸ਼ਕ ਦੀ ਮੁਢਲੀ ਪੌੜ੍ਹੀ ਏ। ਆਪਣੀ ਜ਼ਾਤ ਨੂੰ ਫ਼ਨਾ ਕਰਨ ਦੀ ਪਹਿਲੀ ਮੰਜ਼ਿਲ ਏ। ਆਸ਼ਿਕ ਜਿਵੇਂ ਜਿਵੇਂ ਅਗਾਂਹ ਤੁਰਦਾ ਜਾਵੇਗਾ ਇਹ ਪੈਂਡਾ ਹੋਰ ਵੀ ਔਖਾ ਹੁੰਦਾ ਜਾਵੇਗਾ। ਜਿਸਦੇ ਬਾਰੇ ਵਿਚ ਮੋਹਨ ਸਿੰਘ ਆਖਦੇ ਨੇ।

ਖੋਲਣ ਲੱਗਿਆਂ ਪੇਚ ਉਸ ਦੇ
ਕਾਫ਼ਰ ਹੋ ਜਾਏ ਬੰਦਾ।

ਇਹ ਸਤਰਾਂ ਭਾਵੇਂ ਚਿੰਤਾ ਭਰੀਆਂ ਨੇ ਪਰ ਇਨ੍ਹਾਂ ਵਿਚ ਆਸ਼ਿਕ ਨੂੰ ਸੋਹਲ ਤੇ ਸਿੱਧੇ ਢੰਗ ਨਾਲ਼ ਅਗਾਂਹ ਵਧਣ ਦੀ ਪ੍ਰੇਰਨਾ ਦਿੱਤੀ ਗਈ ਏ। ਇਸੇ ਤਰ੍ਹਾਂ "ਪੇਚ" ਕਿਸੇ ਚੀਜ਼ ਦੀਆਂ ਪਰਤਾਂ ਖੋਲ੍ਹਣੀਆਂ ਨੇ, ਤੇ ਪਰਤਾਂ ਖੋਲਣ ਲਈ ਖੋਜ ਦੀ ਲੋੜ ਹੁੰਦੀ ਏ। ਖੋਜ ਲਈ ਇਸ਼ਕ ਦੀ ਰਾਹ ਤੇ ਤੁਰਨਾ ਪੈਂਦਾ ਏ। ਇਸ਼ਕ ਦੀ ਰਾਹ ਵਿਚ ਅਕਲ ਆਨ ਖਲੋਂਦੀ ਏ। ਅਕਲ ਤੇ ਇਸ਼ਕ ਦੀ ਤਕਰਾਰ ਬੰਦੇ ਨੂੰ ਰਾਹੋਂ ਕੁਰਾਹੇ ਪਾ ਦਿੰਦੀ ਏ।

ਆਸ਼ਿਕ ਆਪਣੇ ਮਾਸ਼ੂਕ ਨੂੰ ਤੇ ਤਾਲਿਬ ਆਪਣੇ ਮਤਲੂਬ ਨੂੰ ਪਾ ਲਵੇ ਤੇ ਇਸ ਜ਼ਾਹਰੀ ਦੁਨੀਆ ਨਾਲ ਉਹਦਾ ਨਾਤਾ ਟੁੱਟ ਜਾਂਦਾ ਏ। ਉਹ ਇਸ਼ਕ ਦਾ ਚੋਲਾ ਪਾ ਕੇ ਸਾਧੂ, ਵਲੀ, ਕੁਤਬ ਤੇ ਅਬਦਾਲ ਬਣ ਜਾਂਦਾ ਏ। ਜੇ ਉਹਦਾ ਇਸ਼ਕ ਸਾਦਿਕ ਨਾ ਹੋਵੇ ਤੇ ਰਾਹੋਂ ਕੁਰਾਹੇ ਪੈ ਕੇ ਲਾਈ ਲੱਗ ਮੋਮਿਨ ਬਣ ਜਾਂਦਾ ਏ। (ਮੋਮਿਨ,ਰੱਬ ਨੂੰ

ਮੰਨਣ ਵਾਲਾ ਉਹ ਮੁਸਲਮਾਨ ਏ ਜਿਹੜਾ ਰੱਬ ਦੇ ਹਰ ਹੁਕਮ ਅੱਗੇ ਸਿਰ ਝੁਕਾਉਣਾ ਅਪਣਾ ਧਰਮ ਸਮਝਦਾ ਏ ਪਰ ਲਾਈ ਲੱਗ ਮੋਮਿਨ ਉਹ ਏ ਜਿਹੜਾ ਰੱਬ ਨੂੰ ਮੰਨਦਾ ਤੇ ਹੈ ਪਰ ਈਮਾਨ ਦਾ ਕੱਚਾ ਏ)।

ਮੋਹਨ ਸਿੰਘ ਲਾਈ ਲੱਗ ਮੋਮਿਨ ਦੀ ਨਿੰਦਿਆ ਕਰਦੇ ਨੇ। ਉਨ੍ਹਾਂ ਦੇ ਨੇੜੇ ਅਜਿਹਾ ਮੋਮਿਨ ਜੀਹਦਾ ਕੋਈ ਇਕ ਰਾਹ ਨਹੀਂ ਤੇ ਜਿਹਦੀ ਸੋਚ ਵਿਚ ਦੂਈ ਦਾ ਤਸੱਵਰ ਏ ਉਹਦੇ ਤੋਂ ਖੋਜੀ ਕਾਫ਼ਰ ਚੰਗਾ ਏ। ਕਾਫ਼ਰ ਰੱਬ ਦੇ ਵਜੂਦ ਨੂੰ ਮੰਨਣ ਤੋਂ ਇਨਕਾਰੀ ਹੋ ਕੇ ਵੀ ਖੋਜ ਤੇ ਤਹਿਕੀਕ ਤੋਂ ਪਿੱਛੇ ਨਹੀਂ ਹਟਦਾ। ਇਹੋ ਮੋਹਨ ਸਿੰਘ ਦੇ ਨੇੜੇ ਚੰਗਿਆਈ ਏ। ਕਿਉਂ ਜੇ ਉਹ ਲਾਈ ਲੱਗ ਮੋਮਿਨ ਨਾਲੋਂ ਕਈ ਦਰਜੇ ਚੰਗਾ ਏ। ਰੱਬੀ ਇਸ਼ਕ, ਤਹਿਕੀਕ ਤੇ ਭਾਲ ਦੇ ਏਸ ਪੈਂਡੇ ਅਗਾਂਹ ਟੁਰੀਏ ਤਾਂ ਮੋਹਨ ਸਿੰਘ ਆਖਦੇ ਨੇ:

ਤੇਰੀ ਖੋਜ ਵਿਚ ਅਕਲ ਦੇ ਖੰਭ ਝੜ ਗਏ
ਤੇਰੀ ਭਾਲ਼ ਵਿਚ ਥੋਥਾ ਖ਼ਿਆਲ ਹੋਇਆ।
ਲੱਖਾਂ ਉਂਗਲਾਂ ਗੁੰਝਲਾਂ ਖੋਲ ਥੱਕੀਆਂ
ਤੇਰੀ ਜ਼ੁਲਫ਼ ਦਾ ਸਿੱਧਾ ਨਾ ਵਾਲ ਹੋਇਆ
ਘਿੱਘੀ ਬੱਝ ਗਈ ਸੰਖਾਂ ਦੀ ਰੋ ਰੋ ਕੇ
ਪਿੱਟ ਪਿੱਟ ਕੇ ਚੂਰ ਘੜਿਆਲ ਹੋਇਆ
ਚੀਕ ਚੀਕ ਕੇ ਕਲਮ ਦੀ ਜੀਭ ਪਾਟੀ
ਅਜੇ ਹੱਲ ਨਾ ਤੇਰਾ ਸਵਾਲ ਹੋਇਆ।
ਤੇਰੀ ਸਿਕ ਕੋਈ ਸੱਜਰੀ ਸਿਕ ਤਾਂ ਨਹੀਂ
ਇਹ ਚਿਰੋਕਣੀ ਗਲੇ ਦਾ ਹਾਰ ਹੋਈ
ਇਹ ਉਦੋਂਕਨੀ ਜਦੋਂ ਦਾ ਬੁੱਤ ਬਣਿਆ
ਨਾਲ ਦਿਲ ਦੀ ਮਿੱਟੀ ਤਿਆਰ ਹੋਈ

ਖੋਜ ਭਾਲ ਤੇ ਰੱਬ ਦੀ ਤਲਾਸ਼ ਇਸ਼ਕ ਦੇ ਉਹ ਅੰਗ ਨੇ ਜਿਹਨਾਂ ਬਾਂਝ ਇਸ਼ਕ ਦੀ ਰਾਹ ਤੇ ਟੁਰਿਆ ਨਹੀਂ ਜਾ ਸਕਦਾ ਮਹਿਬੂਬ ਨੂੰ ਭਾਲਣ ਦੀ ਚਾਹ ਹੀ ਖੋਜ ਤੇ ਉਭਾਰਦੀ ਏ ਤੇ ਸਭ ਗੁੰਝਲਾਂ ਇੱਕ ਇੱਕ ਕਰ ਕੇ ਖੁਲਦੀਆਂ ਜਾਂਦੀਆਂ ਨੇ।

ਮੋਹਨ ਸਿੰਘ ਖੋਜ ਤੇ ਕਿਉਂ ਜ਼ੋਰ ਦਿੰਦੇ ਨੇਂ? ਖੋਜ ਦੀ ਲੋੜ ਹੁੰਦੀ ਕਿਉਂ ਏ? ਅਸਲ ਵਿਚ ਸਾਰਾ ਸੰਸਾਰ ਖੋਜੀ ਬਣ ਕੇ ਆਪਣੇ ਬਣਾਉਣ, ਉਸਾਰਨ, ਮਾਰਨ ਤੇ ਮਿਟਾਵਣ ਵਾਲੇ ਦਾ ਖੁਰਾ ਲੱਭਦਾ ਨਜ਼ਰ ਆਉਂਦਾ ਏ। ਇਹ ਨੀਲਾ ਅਸਮਾਨ ਬਿਨਾਂ ਥੰਮਾਂ ਤੋਂ ਕਿਵੇਂ ਖਲੋਤਾ ਏ? ਜ਼ਮੀਨ ਦਾ ਅੰਤ ਕਿੱਥੇ ਹੁੰਦਾ ਏ? ਸਾਗਰ ਦੇ ਕੰਢੇ ਅੱਜ ਤਾਈਂ ਲੱਭੇ ਕਿਉਂ ਨਹੀਂ? ਇੱਕ ਨਿੱਕਾ "ਬੀਜ" ਪਥਰੀਲੀ ਜ਼ਮੀਨ ਨੂੰ ਪਾਟ ਕੇ ਸੰਘਣਾ ਰੁੱਖ ਕਿਵੇਂ ਬਣ ਜਾਂਦਾ ਹੈ? ਸੂਰਜ,ਚੰਨ ਤਾਰਿਆਂ ਦੀ ਰੁਸ਼ਨਾਈ ਕਿਸ ਜ਼ਾਤ ਦਾ ਕਰਿਸ਼ਮਾ ਏ?

ਇਹ ਕੁਝ ਸਵਾਲ ਨੇ ਜੇ ਇਨ੍ਹਾਂ ਦਾ ਜਵਾਬ ਲੱਭਣ ਟੁਰੀਏ ਤਾਂ ਆਪ ਹੀ ਕਦਮ ਉਸ ਰਾਹ ਤੇ ਤੁਰ ਪੈਂਦੇ ਨੇ ਜਿਥੇ ਮਸੀਤਾਂ ਵਿਚ ਰੱਬ ਤੇ ਮੰਦਰਾਂ ਵਿਚ ਰਾਮ ਦੀ ਦੁਹਾਈ ਪੈਂਦੀ ਏ। ਸਾਰਾ ਝਗੜਾ ਹੀ ਇਥੋਂ ਸ਼ੁਰੂ ਹੁੰਦਾ ਹੈ ਕਿ ਜੇ ਉਹ ਜ਼ਾਤ ਇਕ ਹੈ ਤੇ ਫ਼ਿਰ ਉਹਦੇ ਨਾਂ ਵੱਖੋ ਵੱਖ ਕਿਉਂ ਨੇ? ਪੂਰੀ ਨਜ਼ਮ ਵਿਚ ਮੋਹਨ ਸਿੰਘ ਦੇ ਲਹਿਜੇ ਦਾ ਲਹਾ ਚੜ੍ਹਾ ਉਨ੍ਹਾਂ ਦੇ ਅੰਦਰ ਉਠਦੇ ਸਵਾਲਾਂ ਦੇ ਹੜ੍ਹ ਦਾ ਸੱਤ ਏ। ਸਾਦੇ ਤੇ ਸੋਹਲ ਅੱਖਰ ਵਰਤ ਕੇ ਉਹ ਕੁੱਲ ਸੰਸਾਰ ਦੇ ਰੱਬ ਨੂੰ ਜਾਨਣ ਤੇ ਸਿਆਨਣ ਦੀ ਸੁਧ ਰੱਖਦੇ ਨੇ ਤੇ ਇਹ ਮੱਤ ਦਿੰਦੇ ਨੇ ਰੱਬ ਦੀ ਖੋਜ ਤੇ ਭਾਲ਼ ਵਿਚ ਅਕਲ ਤੋਂ ਕੰਮ ਲੈਣਾ ਚਾਹੀਦਾ ਏ ਤੇ ਜ਼ਹਿਰੀਲੀਆਂ ਸੋਚਾਂ ਤੋਂ ਆਪਣੇ ਇਸ਼ਕ ਨੂੰ ਪਾਕ ਰੱਖਣਾ ਚਾਹੀਦਾ ਏ। ਕਿਉਂ ਜੇ ਇਹ ਅੱਲ੍ਹਾ ਵਾਲਿਆਂ ਦੀ ਰਾਹ ਏ ਜਿਹਦੀ ਮੰਜ਼ਿਲ ਰੱਬ ਦੀ ਪ੍ਰੀਤ ਏ। ਇਸ਼ਕ ਤੇ ਅਕਲ ਦੇ ਇਸ ਰਾਹ ਅਗਾਂਹ ਤੁਰੀਏ ਤਾਂ ਉੱਥੇ ਮੋਹਨ ਸਿੰਘ ਲੋਕਾਈ ਤੋਂ ਬਾਝ ਰੱਬ ਨਾਲ ਵਿਚਾਰ ਸਾਂਝੇ ਕਰਦੇ ਨੇ ਜਿਵੇਂ ਆਪਣੇ ਸਾਮ੍ਹਣੇ ਬੈਠੇ ਦਰਦੀ ਨੂੰ ਦੁੱਖ ਸੁਣਾ ਰਹੇ ਹੋਣ । ਸ਼ਾਇਰ ਨੇ ਆਪਣੇ ਵਿਚਾਰਾਂ ਦਾ ਵਟਾਂਦਰਾਂ ਕਰਨ ਲਈ ਨਜ਼ਮ ਨੂੰ ਤਸ਼ਬੀਹਾਂ, ਇਸਤਆਰਿਆਂ ਤੇ ਤਲਮੀਹਾਂ ਨਾਲ ਸ਼ਿੰਗਾਰਿਆ ਹੈ। ਇਸ ਬੰਦ ਵਿਚ ਸਭ ਤੋਂ ਪਹਿਲਾਂ ਰੱਬ ਨੂੰ "ਵਾਲਾਂ ਦਾ ਉਹ ਗੁੰਝਲ ਆਖਿਆ ਏ ਜਿਹਨੂੰ ਲੱਖਾਂ ਉਂਗਲਾਂ ਵੀ ਨਹੀਂ ਖੋਲ ਸਕੀਆਂ"। ਇਹ ਗੁੰਝਲ ਅਸਲ ਵਿਚ ਉਹ ਸਵਾਲ ਨੇ

ਜਿਹੜੇ ਉਨ੍ਹਾਂ ਦੇ ਮਨ ਵਿਚ ਉਠਦੇ ਨੇ ਤੇ ਜੀਵਨ ਦੇ ਪੰਨਿਆਂ ਉੱਤੇ ਖ਼ਿੱਲਰ ਜਾਂਦੇ ਨੇ। ਨਜ਼ਮ ਵਿਚ ਵੱਖੋ ਵੱਖ ਮਜ਼੍ਹਬੀ ਅੰਗਾਂ ਬਾਰੇ ਜਾਣਕਾਰੀ ਵੀ ਮੋਹਨ ਸਿੰਘ ਹੋਰਾਂ ਦੀ ਇਲਮੀ ਵਡਿਆਈ ਨੂੰ ਜ਼ਾਹਰ ਕਰਦੀ ਏ ਜਿਵੇਂ "ਘਿੱਘੀ ਬੱਝ ਗਈ ਸੰਖਾਂ ਦੀ ਰੋ ਰੋ ਕੇ" ਸੰਖ, ਮੰਦਰਾਂ ਵਿਚ ਵਜਾਇਆ ਜਾਵਣ ਵਾਲਾ ਗੂੰਗਾ ਏ ਜਿਹੜਾ ਪੂਜਾ ਪਾਠ ਤੋਂ ਪਹਿਲਾਂ ਉੱਚੀ ਅਵਾਜ਼ ਵਿਚ ਵਜਾਇਆ ਜਾਂਦਾ ਏ। ਇਹ ਇੱਕ ਅਲਾਮਤੀ ਢੰਗ ਏ। ਸੰਖ ਅਜ਼ਲਾਂ ਤੋਂ ਵੱਜ ਰਿਹਾ ਏ। ਧਰਮਾਂ ਵਿਚ ਵੰਡੀ ਲੋਕਾਈ ਨੇ ਉਸ ਨੂੰ ਮਸੀਤ ਵਿਚ ਅਜ਼ਾਨ ਤੇ ਮੰਦਰ ਵਿਚ ਘੰਟੀ ਦਾ ਨਾਂ ਦਿੱਤਾ ਏ। ਅਸਲ ਵਿਚ ਇਹ ਸਭ ਇਕੋ ਜ਼ਾਤ ਦੇ ਆਲ ਦੁਆਲੇ ਘੁੰਮਦੇ ਵੱਖੋ ਵੱਖ ਨਾਂ ਨੇ। ਰੱਬ ਦੀ ਜ਼ਾਤ ਵੇਲੇ ਦੀ ਕੈਦ ਤੋਂ ਆਜ਼ਾਦ ਏ ਤੇ ਅਜਿਹਾ ਸਵਾਲ ਏ ਜਿਹਦਾ ਕੋਈ ਜਵਾਬ ਨਹੀਂ। ਕਲਮਾਂ ਦੀ ਰੁਸ਼ਨਾਈ ਤੇ ਅੱਖਰ ਉਸ ਜ਼ਾਤ ਦੀ ਇੱਕ ਵਡਿਆਈ ਵੀ ਬਿਆਨ ਨਹੀਂ ਕਰ ਸਕਦੇ।

ਰੱਬ ਦੀ ਖੋਜ ਤੇ ਇਸ਼ਕ ਦਾ ਪੈਂਡਾ ਇਥੇ ਹੀ ਨਹੀਂ ਮੁਕਦਾ। ਮੋਹਨ ਸਿੰਘ ਰੱਬ ਨੂੰ ਭਾਲਣ ਤੇ ਜਾਨਣ ਦੀ ਸੱਧਰ ਨੂੰ ਇਨਸਾਨੀ ਵਜੂਦ ਦੀ ਤਖ਼ਲੀਕ ਦੇ ਸਮੇ ਨਾਲ਼ ਜੋੜਦੇ ਨੇ । ਇਹੋ ਵਜ੍ਹਾ ਏ ਜਦੋਂ ਇਨਸਾਨ ਦੇ ਦਿਲ ਨੇ ਪਹਿਲੀ ਵਾਰ ਧੜਕਣਾ ਸਿੱਖਿਆ ਉਹਦੇ ਅੰਦਰ ਆਪਣੇ ਰੱਬ ਨੂੰ ਜਾਨਣ ਦੀ ਸੱਧਰ ਪੈਦਾ ਹੋ ਗਈ। ਦਿਲ ਰੱਬ ਦਾ ਘਰ ਏ। ਰੱਬ ਨਾਲ ਮਿਲਣ ਦੀ ਸੱਧਰ ਵੀ ਦਿਲ ਵਿਚ ਹੀ ਪੈਦਾ ਹੁੰਦੀ ਏ। ਤੇ ਜਦੋਂ ਦਿਲ ਧੜਕਣਾ ਬੰਦ ਕਰਦਾ ਏ ਰੱਬ ਨਾਲ਼ ਮਿਲਣ ਦਾ ਰਾਹ ਖੁੱਲ ਜਾਂਦਾ ਏ। ਕਿਉਂ ਜੇ ਮਰਕੇ ਰੱਬ ਨਾਲ਼ ਮਿਲਣ ਦੀ ਇੱਛਾ ਵੀ ਇਸ਼ਕ ਦਾ ਇੱਕ ਰੰਗ ਏ। ਸੂਫ਼ੀਆਂ ਲਈ ਜਿਸਮ ਕੈਦਖ਼ਾਨਾ ਏ ਜਿਹਦੇ ਵਿਚ ਰੂਹ ਆਪਣੇ ਰੱਬ ਨੂੰ ਮਿਲਣ ਲਈ ਤੜਪਦੀ ਏ। ਮੌਤ ਤੋਂ ਬਾਅਦ ਰੂਹ ਨੂੰ ਮੁਕਤੀ ਮਿਲਦੀ ਏ ਤੇ ਉਹ ਅਜ਼ਾਦ ਹੋ ਜਾਂਦੀ ਏ।

ਤੇਰੇ ਹਿਜਰ ਵਿਚ ਕਿਸੇ ਨੇ ਕੰਨ ਪਾੜੇ

ਅਤੇ ਕਿਸੇ ਨੇ ਜਟਾਂ ਵਧਾਈਆਂ ਨੇ।

ਬੂਹੇ ਮਾਰ ਕੇ ਕਿਸੇ ਨੇ ਚਿਲੇ ਕੱਟੇ

ਕਿਸੇ ਰੜੇ ਤੇ ਰਾਤਾਂ ਲੰਘਾਈਆਂ ਨੇ।

ਕੋਈ ਲਮਕਿਆ ਖੂਹ ਦੇ ਵਿਚ ਪੁੱਠਾ

ਅਤੇ ਕਿਸੇ ਨੇ ਧੂਣੀਆਂ ਤਾਈਆਂ ਨੇ।

ਤੇਰੇ ਆਸ਼ਿਕਾਂ ਨੇ ਲੱਖਾਂ ਜਤਨ ਕੀਤੇ

ਪਰ ਤੂੰ ਮੂੰਹ ਤੋਂ ਜ਼ੁਲਫ਼ਾਂ ਨਾ ਚਾਈਆਂ ਨੇ।

ਤੇਰੀ ਸਿਕ ਦੇ ਕਈ ਤਿਹਾਏ ਮਰ ਗਏ

ਅਜੇ ਤੀਕ ਨਾ ਵਸਲ ਦਾ ਜੱਗ ਲੱਭਾ।

ਲੱਖਾਂ ਸੱਸੀਆਂ ਮਰ ਗਈਆਂ ਥਲਾਂ ਅੰਦਰ

ਤੇਰੀ ਡਾਚੀ ਦਾ ਅਜੇ ਨਾ ਖੁਰਾ ਲੱਭਾ।

ਨਜ਼ਮ ਦਾ ਤੀਜਾ ਬੰਦ ਅਸਲ ਵਿਚ ਪਹਿਲੇ ਬੰਦਾਂ ਦੀ ਵਿਆਖਿਆ ਏ। ਇਨਸਾਨ ਇਸ ਮਾਦੀ ਦੁਨੀਆ ਵਿਚ ਆਉਣ ਤੋਂ ਬਾਅਦ ਹੀ ਰੱਬ ਤੋਂ ਵਿਛੋੜੇ ਦਾ ਸੇਕ ਮਹਿਸੂਸ ਕਰਦਾ ਹੈ ਤੇ ਮੁੜ ਉਸੇ ਕੋਲ ਜਾਣ ਦੇ ਜਤਨ ਕਰਦਾ ਹੈ। ਰੱਬ ਇਨਸਾਨ ਦਾ ਪਹਿਲਾ ਇਸ਼ਕ ਹੈ ਤੇ ਇਨਸਾਨ ਦੀ ਰੂਹ ਆਪਣੇ ਮਾਸ਼ੂਕ ਲਈ ਤੜਪਦੀ ਤੇ ਕੁਰਲਾਉਂਦੀ ਹੈ। ਇਸੇ ਤੜਪ ਨੇ ਇਸ਼ਕ ਤੇ ਵਿਛੋੜੇ ਦੇ ਪਾਂਧਿਆਂ ਨੂੰ ਕੰਨ ਪਾੜਨ, ਜਟਾਂ ਯਾਨੀ ਵਾਲ਼ ਵਧਾਉਣ, ਬੂਹੇ ਮਾਰ ਕੇ ਚਿਲੇ ਕੱਟਣ, ਵੀਰਾਨੇ ਵਿਚ ਰਾਤਾਂ ਲੰਘਾਵਣ ਤੇ ਖੂਹ ਵਿਚ ਪੁੱਠਾ ਲਮਕ ਕੇ ਇਸ਼ਕ ਦਾ ਪਾਠ ਪੜ੍ਹਨ ਵੱਲ ਪ੍ਰੇਰਿਆ ਹੈ। ਓਪਰੀ ਨਜ਼ਰ ਨਾਲ ਵੇਖੀਏ ਤਾਂ ਇਹ ਸਭ ਜਤਨ ਆਸ਼ਿਕ ਆਪਣੇ ਮਾਸ਼ੂਕ ਦੀ ਰਜ਼ਾ ਲਈ ਕਰਦੇ ਨੇ। ਅਸਲ ਵਿਚ ਇਹ ਫ਼ਨਾ ਫ਼ੀ ਅਲਜ਼ਾਤ ਤੋਂ ਫ਼ਨਾ ਫ਼ੀ ਅੱਲ੍ਹਾ ਦੇ ਉਹ ਦਰਜੇ ਨੇ ਜਿਨ੍ਹਾਂ ਰਾਹੀਂ ਨਫ਼ਸ ਨੂੰ ਮਾਰਨ ਤੇ ਰੱਬ ਦੇ ਤਾਬਿਅ ਕਰਨ ਲਈ ਅੰਦਰ ਨੂੰ ਪਾਕ ਕਰਨ ਦੇ ਜਤਨ ਨੇ। ਸੱਚ ਇਹ ਹੈ ਕਿ ਇਸ਼ਕ ਸੱਚਾ ਹੋਵੇ ਤੇ ਰਾਂਝੇ ਵਾਂਗ ਕੰਨ ਵੀ ਪੜਵਾਉਂਦਾ ਏ ਤੇ ਵੀਰਾਨ, ਸੁੰਞੀਆਂ ਥਾਵਾਂ ਤੇ ਡੇਰੇ ਵੀ ਲਵਾਉਂਦਾ ਏ। ਤਾਰੀਖ਼ ਗਵਾਹ ਏ ਆਸ਼ਿਕਾਂ ਦੀਆਂ ਸੁੰਞੀਆਂ ਥਾਵਾਂ ਹਮੇਸ਼ਾ ਲਈ ਵੱਸ ਜਾਂਦੀਆਂ ਨੇ।

ਅਦਬ ਵਿਚ ਆਸ਼ਿਕ ਲਈ ਸੂਫ਼ੀ ਦਾ ਸ਼ਬਦ ਵਰਤਿਆ ਜਾਂਦਾ ਹੈ। ਤੇ ਸੂਫ਼ੀ ਰੱਬ ਨੂੰ ਬਾਹਰਲੀ ਦੁਨੀਆ ਵਿਚ ਖੋਜਣ ਲਈ ਅੰਦਰ ਨੂੰ ਪਾਕ ਕਰਦਾ ਏ। ਅੰਦਰ ਚਾਨਣ ਹੋਵੇਗਾ ਤੇ ਹਰ ਥਾਂ ਤੇ ਉਹਦੀ ਜ਼ਾਤ ਦੇ ਜਲਵੇ

ਨਜ਼ਰ ਆਉਣਗੇ।ਨਫ਼ਸ ਨੂੰ ਮਾਰਨ ਲਈ "ਮੈਂ" ਦੀ ਨਿੰਦਿਆ ਕਰਨਾ ਤਸੱਵੁਫ਼ ਦੀ ਉਹ ਕੁੰਜੀ ਹੈ ਜਿਹੜੀ ਦਿਲ ਤੇ ਲੱਗੇ ਹਰ ਤਾਲੇ ਨੂੰ ਖੋਲ ਦਿੰਦੀ ਹੈ। ਬਾਬਾ ਫ਼ਰੀਦ ਆਖਦੇ ਨੇ:

ਫ਼ਰੀਦਾ ਮੈਂ ਨੂੰ ਮਾਰ ਕੇ ਮੁੰਜ ਕਰ ਨਿੱਕੀ ਕਰ ਕੇ ਭੱਟ

ਭਰੇ ਖ਼ਜ਼ਾਨੇ ਰੱਬ ਦੇ ਜੋ ਭਾਵੇ ਸੋ ਲੁੱਟ।

ਅਗਲੀਆਂ ਸਤਰਾਂ ਵਿਚ ਆਸ਼ਿਕਾਂ ਦੇ ਕੀਤੇ ਗਏ ਜਤਨਾਂ ਬਾਰੇ ਲਾਡ ਤੇ ਮਾਣ ਭਰੀਆਂ ਉਹ ਗੱਲਾਂ ਨੇ ਜਿਹੜੀਆਂ ਕੋਈ ਆਪਣੇ ਬਹੁਤ ਪਿਆਰੇ ਮਹਿਬੂਬ ਨਾਲ਼ ਕਰੇਂਦਾ ਹੈ। ਰੱਬਾ ਤੇਰੀ ਦੀਦ ਦੇ ਪਿਆਸੇ ਲੱਖਾਂ ਲੋਕ ਇਸ ਸੱਧਰ ਨੂੰ ਦਿਲ ਵਿਚ ਲੈ ਕੇ ਦੁਨੀਆ ਤੋਂ ਚਲੇ ਗਏ ਪਰ ਇਸ ਜਹਾਨ ਦਾ ਕੋਈ ਖੁਰਾ ਨਹੀਂ ਲੱਭਾ ਜਿਥੇ ਤੇਰੇ ਨੂਰ ਦੀਆਂ ਰਿਸ਼ਮਾਂ ਲੱਭ ਸਕਣ। ਇਹਦੀ ਮਿਸਾਲ ਇੰਜ ਦਿੰਦੇ ਨੇ:

ਲੱਖਾਂ ਸੱਸੀਆਂ ਮਰ ਗਈਆਂ ਥਲਾਂ ਅੰਦਰ,

ਤੇਰੀ ਡਾਚੀ ਦਾ ਅਜੇ ਨਾ ਖੁਰਾ ਲੱਭਾ।

ਸੱਸੀ ਪੁੰਨੂੰ ਇੱਕ ਮਸ਼ਹੂਰ ਲੋਕ ਦਾਸਤਾਨ ਹੈ। ਸੱਸੀ ਭੰਭੋਰ(ਇਹ ਸ਼ਬਦ ਠੀਕ ਨਹੀਂ ਜਾਪਦਾ) ਦੇ ਰਾਜਾ ਦੀ ਧੀ ਸੀ। ਸੱਸੀ ਇਸ਼ਕ,ਮੁਹੱਬਤ ਤੇ ਵਫ਼ਾ ਦਾ ਨਾਂ ਏ। ਪੁੰਨੂੰ ਦਾ ਅਸਲ ਨਾਂ "ਮੀਰ ਪੁਨੂੰ ਖ਼ਾਨ" ਏ ਤੇ ਉਹ ਬਲੋਚਿਸਤਾਨ ਦੇ ਕਬੀਲੇ "ਹੂਥ" ਦਾ ਸਰਦਾਰ ਸੀ। ਜ਼ਾਲਮ ਸਮਾਜ ਪਾਰੋਂ ਇਨ੍ਹਾਂ ਦਾ ਇਸ਼ਕ ਸਿਰੇ ਨਹੀਂ ਚੜ੍ਹਦਾ। ਪੁੰਨੂੰ ਨੂੰ ਧੋਖੇ ਨਾਲ਼ ਸ਼ਰਾਬ ਪਿਆ ਕੇ ਸੱਸੀ ਤੋਂ ਦੂਰ ਕਰ ਦਿੱਤਾ ਜਾਂਦਾ ਏ। ਵਫ਼ਾ ਦੀ ਦੇਵੀ ਸੱਸੀ ਆਪਣੇ ਪੁੰਨੂੰ ਨੂੰ ਭਾਲਦੀ ਥਲਾਂ ਵੱਲ ਨੱਸਦੀ ਏ। ਥਲਾਂ ਵਿਚ ਉਹਨੂੰ ਇਕ ਅਯਾਲ਼ੀ ਮਿਲਦਾ ਏ ਜਿਹਦੀ ਸੱਸੀ ਦੇ ਹੁਸਨ ਤੇ ਨੀਅਤ ਖ਼ਰਾਬ ਹੋ ਜਾਂਦੀ ਏ। ਆਖਿਆ ਜਾਂਦਾ ਏ ਦੁੱਖਾਂ ਦੀ ਮਾਰੀ ਸੱਸੀ ਦੁਆ ਕਰਦੀ ਏ। ਰੱਬਾ ਮੈਨੂੰ ਲੁਕਾ ਲੈ। ਉਹਦੀ ਦੁਆ ਕਬੂਲ ਹੋ ਜਾਂਦੀ ਏ ਜ਼ਮੀਨ ਫੁਟਦੀ ਏ ਤੇ ਉਹ ਜ਼ਮੀਨ ਵਿਚ ਸਮਾ ਜਾਂਦੀ ਏ। ਸੱਸੀ ਦੀ ਤਲਾਸ਼ ਵਿਚ ਪੁੰਨੂੰ ਓਥੇ ਆਉਂਦਾ ਏ ਤੇ ਅਯਾਲ਼ੀ ਉਹਨੂੰ ਸਾਰੀ ਗੱਲ ਸੁਣਾ ਦਿੰਦਾ ਏ। ਪੁੰਨੂੰ ਵੀ ਉਹੋ ਦੁਆ ਕਰਦਾ ਏ ਜ਼ਮੀਨ ਫੁਟਦੀ ਏ ਤੇ ਉਹ ਵੀ ਜ਼ਮੀਨ ਵਿਚ ਸਮਾ ਜਾਂਦਾ ਏ। ਇੰਜ ਇਸ਼ਕ ਦੀ ਦਾਸਤਾਨ ਥਲਾਂ ਦੀ ਰੀਤ ਵਿਚ ਗਵਾਚ ਜਾਂਦੀ ਏ ਤੇ ਦੁਨੀਆ ਅਤੇ ਨਾ ਮਿਲਣ ਵਾਲੇ ਮਰ ਕੇ ਇੱਕ ਮਿਕ ਹੋ ਜਾਂਦੇ ਨੇ।

ਕਿਸੇ ਫੁੱਲ ਕੁਰਆਨ ਦਾ ਪਾਠ ਕੀਤਾ,

ਕਿਸੇ ਦਿਲ ਦਾ ਪੱਤਰਾ ਖੋਲਿਆ ਵੇ।

ਕਿਸੇ ਨੈਣਾਂ ਦੇ ਸਾਗਰ ਹੰਗਾਲ ਮਾਰੇ,

ਕਿਸੇ ਹਿੱਕ ਦਾ ਖੂੰਜਾ ਫਰੋਲਿਆ ਵੇ।

ਕਿਸੇ ਗੱਲ੍ਹਾਂ ਦੇ ਦੀਵੇ ਦੀ ਲੋਅ ਥੱਲੇ,

ਤੈਨੂੰ ਜ਼ੁਲਫ਼ਾਂ ਦੀ ਰਾਤ ਵਿਚ ਟੋਲਿਆ ਵੇ।

ਰੋ ਰੋ ਕੇ ਦੁਨੀਆ ਨੇ ਰਾਹ ਪਾਏ,

ਪਰੰਤੂ ਹੱਸ ਕੇ ਅਜੇ ਨਾ ਬੋਲਿਆ ਵੇ।

ਦੀਦੇ ਕੁਲੰਜ ਮਾਰੇ ਤੇਰੇ ਆਸ਼ਿਕਾਂ ਨੇ,

ਅਜੇ ਅੱਥਰੂ ਤੈਨੂੰ ਨਾ ਪੋਹੇ ਕੋਈ।

ਤੇਰੀ ਸਹੁੰ, ਕੁਝ ਰੋਣ ਦਾ ਮਜ਼ਾ ਹੀ ਨਹੀਂ

ਪੂੰਝਣ ਵਾਲਾ ਜੇ ਕੋਲ਼ ਨਾ ਹੋਵੇ ਕੋਈ।

ਮਹਿਬੂਬ ਨੂੰ ਰੀਝਾਵਣ ਤੇ ਪ੍ਰਚਾਵਣ ਦੀ ਰੀਤ ਨਵੀਂ ਨਹੀਂ। ਜੇ ਮਹਿਬੂਬ ਭੇਸ ਬਦਲਦਾ ਏ ਤੇ ਆਸ਼ਿਕ ਵੀ ਨਵੇਂ ਨਵੇਂ ਜਤਨ ਕਰ ਕੇ ਯਾਰ ਮਨਾਉਂਦਾ ਏ। ਭਾਵੇਂ ਫੁੱਲਾਂ ਵਰਗੇ ਨਰੋਏ ਬੰਦੇ ਕੁਰਾਨ ਵਿਚ ਇਸ਼ਾਰਿਆਂ ਤੋਂ ਰੱਬ ਦਾ ਖੁਰਾ ਲੱਭਣ, ਦਿਲ ਦੇ ਡੂੰਘੇ ਸਾਗਰ ਵਿਚ ਗ਼ੋਤਾ ਖਾਵਣ ਯਾ ਆਪਣੀ ਰੱਤ ਦੇ ਦੀਵੇ ਬਾਲ ਕੇ ਰਾਤ ਦੇ ਹਨੇਰੇ ਵਿਚ ਉਹਦੇ ਨੂਰ ਦੀਆਂ ਰਿਸ਼ਮਾਂ ਲੱਭਣ। ਸਭ ਦਾ ਮਕਸਦ ਯਾਰ ਮਨਾਣਾ ਏ। ਯਾਰ ਜਦੋਂ ਰਾਜ਼ੀ ਹੋ ਕੇ ਮੁੱਖ ਤੋਂ ਘੁੰਡ ਲਾਹ ਦੇਵੇਗਾ ਸਭ ਨੂੰ ਨਵੀਂ ਹਯਾਤੀ ਦਾਨ ਹੋਵੇਗੀ। ਇਹ ਮਕਸਦ ਬੁਲ੍ਹੇ ਸ਼ਾਹ ਵਾਂਗ ਨੱਚ ਕੇ ਯਾਰ ਮਨਾਉਣ ਦਾ ਏ। ਉਹ ਇਸ਼ਕ ਹੀ ਕੀ ਜਿਹੜਾ ਵਿਚ ਬਜ਼ਾਰ ਨਚਾ ਨਾ ਦੇਵੇ ਤੇ ਯੂਸੁਫ਼ ਵਰਗੇ ਸੋਹਣੇ ਨਬੀ ਨੂੰ ਮਿਸਰ ਦੇ ਬਜ਼ਾਰ ਵਿਕਾ ਨਾ ਦੇਵੇ (ਹਜ਼ਰਤ ਯੂਸੁਫ਼ ਇਕ ਪੈਗ਼ੰਬਰ ਸਨ ਜੋ ਆਪਣੇ ਹੁਸਨ ਪਾਰੋਂ ਮਸ਼ਹੂਰ ਸੀ।

ਮਤਰੇਏ ਭਰਾਵਾਂ ਦੇ ਜ਼ੁਲਮ ਪਾਰੋਂ ਉਹ ਮਿਸਰ ਦੇ ਬਜ਼ਾਰ ਵਿਕੇ, ਹਰ ਗ਼ਮ ਤੇ ਦੁੱਖ ਜਰਿਆ ਪਰ ਰੱਬ ਨਾਲ਼ ਲੋਅ ਲਾਈ ਰੱਖੀ। ਅਖ਼ੀਰ ਰੱਬ ਨੇ ਉਨ੍ਹਾਂ ਨੂੰ ਕਾਮਯਾਬ ਕੀਤਾ ਤੇ ਜਿਸ ਬਜ਼ਾਰ ਵਿਕੇ ਸਨ ਉਸੇ ਸ਼ਹਿਰ ਦੇ ਹਾਕਮ ਬਣੇ) ਮੋਹਨ ਸਿੰਘ ਦੀ ਨਜ਼ਮ ਵਿਚ ਤਲਬ ਸਿਰਫ਼ ਦੀਦ ਏ। ਇਸ ਲਈ ਉਹ ਕਦੀ ਗਿਲਾ ਕਰਦੇ ਨੇ ਤੇ ਕਦੀ ਆਪਣੇ ਹੰਝੂਆਂ ਤੇ ਅੱਥਰੂਆਂ ਨਾਲ ਯਾਰ ਨੂੰ ਮਨਾਉਣ ਦਾ ਜਤਨ ਕਰਦੇ ਨੇ। ਮਹਿਬੂਬ ਉੱਤੇ ਇਨ੍ਹਾਂ ਹੰਝੂਆਂ ਦਾ ਕੋਈ ਅਸਰ ਨਹੀਂ ਉਹ ਆਪਣੀ ਆਨ ਬਾਨ ਤੇ ਨਾਜ਼ ਨਖ਼ਰਿਆਂ ਨਾਲ ਸਭ ਕੁਝ ਵੇਖਦਾ ਏ ਤੇ ਖਿੜ-ਖਿੜ ਹੱਸਦਾ ਏ। ਪਰ ਮੂੰਹੋਂ ਕੁਝ ਨਹੀਂ ਬੋਲ਼ਦਾ। ਸ਼ਾਹ ਹੁਸੈਨ ਆਖਦੇ ਨੇ:

ਮਿੱਤਰਾਂ ਦੀ ਮਜਮਾਨੀ ਖ਼ਾਤਿਰ

ਦਿਲ ਦਾ ਲਹੂ ਛਾਣੀ ਦਾ

ਕੱਢ ਕਲੇਜਾ ਕੀਤਮ ਬੀਰੇ

ਸੋ ਭੀ ਲਾਇਕ ਨਾਹੀਂ ਤੇਰੇ

ਹੋਰ ਤੌਫ਼ੀਕ ਨਹੀਂ ਕੁੱਝ ਮੇਰੇ

ਪੀਓ ਕਟੋਰਾ ਪਾਣੀ ਦਾ

ਇਸ ਕਾਫ਼ੀ ਵਿਚ ਵੀ ਯਾਰ ਮਨਾਉਣ ਲਈ ਕਲੇਜੇ ਦੇ ਟੁਕੜੇ ਤੇ ਹੰਝੂਆਂ ਦਾ ਪਿਆਲਾ ਪੇਸ਼ ਕੀਤਾ ਗਿਆ ਏ ਪਰ ਸੱਜਣ ਬੇ ਪ੍ਰਵਾਹ ਲਈ ਇਹ ਵੀ ਘੱਟ ਏ। ਅੰਤਿਮ ਸਤਰਾਂ ਵਿਚ ਇਕਲਾਪੇ ਦਾ ਦੁੱਖ ਨਜ਼ਰ ਆਂਦਾ ਏ ਕਿਉਂ ਜੇ ਸੱਜਣ ਨਾਲ ਹੋਵੇ ਤੇ ਉਹ ਰੋਣ ਨਹੀਂ ਦਿੰਦਾ ਜੇ ਰੋ ਪੋਈਏ ਤੇ ਹੰਝੂ ਪੂੰਝ ਕੇ ਆਪਣੀ ਹੋਂਦ ਤੇ ਸਾਂਝ ਦੀ ਪੱਕ ਕਰਾਉਂਦਾ ਏ। ਗੌਰ ਕਰੋ ਇਕਲਾਪਾ ਸਾਰੇ ਸੰਸਾਰ ਦਾ ਰੋਗ ਏ। ਇਨਸਾਨ ਆਪਣੇ ਪਰਛਾਵੇਂ ਕੋਲੋਂ ਡਰਦਾ ਏ। ਇਹੋ ਡਰ ਉਹਨੂੰ ਆਪਣੇ ਰੱਬ ਦੇ ਨੇੜੇ ਕਰਦਾ ਏ। ਜਦੀਦ ਸ਼ਾਇਰੀ ਵਿਚ ਇਕਲਾਪੇ ਦਾ ਰੰਗ ਬਹੁਤ ਉਘੜਵਾਂ ਏ। ਮੁਨੀਰ ਨਿਆਜ਼ੀ ਆਖਦੇ ਨੇ:

ਸ਼ਹਿਰ ਦੇ ਮਕਾਨ

ਆਪਣੇ ਹੀ ਡਰ ਤੋਂ

ਜੁੜੇ ਹੋਏ ਨੇਂ

ਇਕ ਦੂਜੇ ਦੇ ਨਾਲ਼

ਮੋਹਨ ਸਿੰਘ ਦੀ ਨਜ਼ਮ ਇਸ਼ਕ-ਏ-ਹਕੀਕੀ ਦਾ ਪੈਂਡਾ ਏ ਅਗਾਂਹ ਤੁਰੀਏ ਤਾਂ ਆਖਦੇ ਨੇਂ।

ਤੇਰੀ ਮਾਂਗ ਦੀ ਸੜਕ ਤੇ ਪਿਆ ਜਿਹੜਾ,

ਉਸ ਨੂੰ ਹੀਲਿਆਂ ਨਾਲ਼ ਪਰ ਤਾਇਆ ਤੂੰ।

ਹਿਰਸਾਂ, ਦੌਲਤਾਂ, ਹੱਸਣਾ, ਹਕੂਮਤਾਂ ਦਾ,

ਉਹਦੇ ਰਾਹ ਵਿਚ ਚੋਗਾ ਖਿੰਡਾਇਆ ਤੂੰ।

ਕਿਸੇ ਕੈਸ ਨੂੰ ਲੱਗਾ ਜੇ ਇਸ਼ਕ ਤੇਰਾ,

ਉਸ ਨੂੰ ਲੈਲਾ ਦਾ ਲੇਲਾ ਬਣਾਇਆ ਤੂੰ।

ਕਿਸੇ ਰਾਂਝੇ ਨੂੰ ਚੜ੍ਹਿਆ ਜੇ ਚਾਅ ਤੇਰਾ,

ਇਸ ਨੂੰ ਹੀਰ ਦੀ ਸੇਜੇ ਸਵਾਇਆ ਤੂੰ।

ਸਾਡੇ ਹੰਝੂਆਂ ਕੀਤਾ ਨਾ ਨਰਮ ਤੈਨੂੰ,

ਸਾਡੀ ਆਹ ਨੇ ਕੀਤਾ ਨਾ ਛੇਕ ਤੈਨੂੰ।

ਅਸੀਂ ਸੜ ਗਏ ਵਿਛੋੜੇ ਦੀ ਅੱਗ ਅੰਦਰ,

ਲਾਗੇ ਵਸਦਿਆਂ ਆਇਆ ਨਾ ਸੇਕ ਤੈਨੂੰ।

ਸੰਸਾਰ ਦੇ ਮੁੱਢ ਤੋਂ ਹੁਣ ਤੀਕ ਰੱਬ ਦੀ ਭਾਲ ਜਾਰੀ ਏ। ਰੱਬ ਕਿਹਨੂੰ ਮਿਲਦਾ ਏ ਤੇ ਕੌਣ ਖ਼ਾਲੀ ਝੋਲੀ ਨਾਲ ਵਾਪਸ ਪਰਤ ਜਾਂਦਾ ਏ? ਏਸ ਬੰਦ ਵਿਚ ਸਭ ਜਵਾਬ ਮਿਲ ਜਾਂਦੇ ਨੇ। ਮੋਹਨ ਸਿੰਘ ਆਖਦੇ ਨੇ ਰੱਬ ਅਜਿਹਾ ਮਾਸ਼ੂਕ ਏ ਜਿਹੜਾ ਹਰ ਆਸ਼ਿਕ ਨੂੰ ਆਪਣੀ ਮਾਂਗ ਦੀ ਰਾਹ ਉੱਤੇ ਤੁਰਨ ਨਹੀਂ ਦਿੰਦਾ। ਰੱਬ ਨਾਲ ਇਸ਼ਕ ਸੌਖਾ ਕੰਮ ਨਹੀਂ। ਉਹ ਆਪਣੇ ਸਵਾਲੀ ਨੂੰ ਆਪਣੇ ਹਿਸਾਬ ਨਾਲ ਪਰਖਦਾ ਤੇ ਅਜ਼ਮਾਇਸ਼ਾਂ ਵਿਚ ਪਾਂਦਾ ਏ। ਜਿਹਦਾ ਇਸ਼ਕ ਸੱਚਾ ਹੁੰਦਾ ਏ ਉਹ ਹੀ ਇਸ਼ਕ ਦੀ ਪੌੜ੍ਹੀ ਉਤਾਂਹ ਚੜ੍ਹ ਸਕਦਾ ਏ ਜਦ ਕਿ ਪਾਪੀ ਮਨ ਤੇ

ਖੋਟੇ ਦਿਲ ਵਾਲਿਆਂ ਨੂੰ ਵਾਪਸ ਪਰਤਾ ਦਿੱਤਾ ਜਾਂਦਾ ਏ। ਮੋਹਨ ਸਿੰਘ ਨੇ ਇਥੇ ਹਿਰਸ, ਦੌਲਤ, ਹੁਸਨ ਤੇ ਹਕੂਮਤ ਵਰਗੇ ਸ਼ਬਦ ਵਰਤ ਕੇ ਉਸ ਇਨਸਾਨੀ ਅਜ਼ਲੀ ਕਮਜ਼ੋਰੀਆਂ ਬਾਰੇ ਦੱਸ ਪਾਈ ਏ ਜਿਹੜੀਆਂ ਇਨਸਾਨ ਨੂੰ ਹੱਕ ਸੱਚ ਦੀ ਰਾਹ ਤੇ ਟੁਰਨ ਨਹੀਂ ਦਿੰਦੀਆਂ।

ਤਾਰੀਖ਼ ਵੱਲ ਝਾਤ ਪਾਈਏ ਤਾਂ ਇਹ ਗੱਲ ਨਿੱਤਰ ਕੇ ਸਾਹਮਣੇ ਆਉਂਦੀ ਹੈ ਕਿ ਸੰਸਾਰ ਵਿਚ ਵੱਡੀਆਂ ਵੱਡੀਆਂ ਜੰਗਾਂ ਤੇ ਖ਼ੂਨ ਖ਼ਰਾਬੇ ਪਿੱਛੇ ਇਹੋ ਚਾਰ ਮਕਸਦ ਸਨ। ਇਨ੍ਹਾਂ ਜਜ਼ਬਿਆਂ ਤੇ ਸ਼ਬਦਾਂ ਦੇ ਪੁਜਾਰੀ ਕਦੀ ਵੀ ਸੱਚੇ ਆਸ਼ਿਕ ਨਹੀਂ ਬਣ ਸਕਦੇ। ਮੋਹਨ ਸਿੰਘ ਮਿਸਾਲਾਂ ਰਾਹੀਂ ਅਪਣਾ ਪੱਖ ਸਮਝਾਉਂਦੇ ਨੇਂ ਜਿਵੇਂ ਸ਼ਿਕਾਰੀ ਆਪਣੇ ਸ਼ਿਕਾਰ ਨੂੰ ਜਾਲ ਵਿਚ ਫਸਾਉਣ ਲਈ ਦਾਣੇ ਦਾ ਚੋਗਾ ਚੁਗਾਉਂਦਾ ਏ ਉਸੇ ਤਰ੍ਹਾਂ ਰੱਬ ਵੀ ਖੋਟੇ ਖਰੇ ਦਾ ਨਿਤਾਰਾ ਕਰਨ ਲਈ ਕੂੜ ਦੇ ਮਾਰੇ ਬੰਦਿਆਂ ਸਾਹਮਣੇ ਹੁਸਨਾਂ, ਦੌਲਤਾਂ, ਹਿਰਸਾਂ ਤੇ ਹਕੂਮਤਾਂ ਦਾ ਦਾਣਾ ਖਿਲਾਰਦਾ ਏ ਤੇ ਉਨ੍ਹਾਂ ਨੂੰ ਇਸ ਚੋਗਾ ਚੁਗਣ ਦੇ ਆਹਰੇ ਲਾ ਕੇ ਆਪਣੇ ਇਸ਼ਕ ਦੀ ਰਾਹ ਤੋਂ ਦੂਰ ਕਰ ਦਿੰਦਾ ਏ।

ਮੋਹਨ ਸਿੰਘ ਨੇ ਇੱਥੇ ਦੋ ਲੋਕ ਦਾਸਤਾਨਾਂ ਰਾਹੀਂ ਅਪਣਾ ਪੱਖ ਸਮਝਾਇਆ ਏ। ਪਹਿਲਾ ਕਿੱਸਾ "ਲੈਲਾ ਮਜਨੂੰ" ਦਾ ਏ, ਇਹ ਸੱਤਵੀਂ ਸਦੀ ਦੀ ਇਕ ਮਸ਼ਹੂਰ ਲੋਕ ਦਾਸਤਾਨ ਏ। ਇਸ਼ਕ ਦੇ ਪੰਧ ਵਿਚ ਇਹ ਦਾਸਤਾਂ ਉੱਚਾ ਮੁਕਾਮ ਰੱਖਦੀ ਏ ਤੇ ਸੱਚੀ ਦਾਸਤਾਂ ਮੰਨੀ ਜਾਂਦੀ ਏ। ਲੈਲਾ ਇਕ ਉੱਚੇ ਖ਼ਾਨਦਾਨ ਦੀ ਧੀ ਸੀ ਤੇ ਕੈਸ ਇਬਨ-ਏ-ਮਲੂਵੀ ਇਕ ਮਾਲਦਾਰ ਕਬੀਲੇ ਨਾਲ ਤਾਅੱਲੁਕ ਰੱਖਦਾ ਸੀ। ਦੋਵੇਂ ਇਕ ਮਦਰਸੇ ਵਿਚ ਪੜ੍ਹਦੇ ਸਨ। ਇਸ਼ਕ ਦੀ ਲਾਜ਼ਵਾਲ ਦਾਸਤਾਨ ਦਾ ਮੁੱਢ ਇਥੋਂ ਹੀ ਬੱਝਾ। ਜ਼ਾਲਮ ਸਮਾਜ ਨੇ ਇਨ੍ਹਾਂ ਦੋਵਾਂ ਨੂੰ ਵੀ ਇੱਕ ਨਾ ਹੋਣ ਦਿੱਤਾ। ਲੈਲਾ ਤੇ ਕੈਸ਼ ਦੇ ਪਿਆਰ ਦੀਆਂ ਗੱਲਾਂ ਲੋਕਾਂ ਤੀਕ ਅਪੜਨ ਪਾਰੋਂ ਲੈਲਾ ਦੇ ਪਿਓ ਨੇ ਬਦਨਾਮੀ ਦੇ ਡਰ ਤੋਂ ਲੈਲਾ ਨੂੰ ਮਦਰਸਿਓਂ ਉਠਾ ਲਿਆ। ਆਖਿਆ ਜਾਂਦਾ ਏ ਲੈਲਾ ਦੇ ਵਿਛੋੜੇ ਨੇ ਮਜਨੂੰ ਨੂੰ ਸ਼ੁਦਾਈ ਕਰ ਦਿੱਤਾ। ਉਹ ਲੈਲਾ ਦੀ ਤਲਾਸ਼ ਵਿਚ ਨਿਕਲਿਆ ਪਰ ਲੈਲਾ ਨਾ ਮਿਲੀ ਤੇ ਲੋਕ ਉਹਨੂੰ ਕੈਸ ਦੀ ਬਜਾਏ ਮਜਨੂੰ ਆਖਣ ਲੱਗ ਗਏ। ਅਖ਼ੀਰ ਇਹ ਇਸ਼ਕ ਵੀ ਥਲਾਂ ਵਿਚ ਮਰ ਕੇ ਅਮਰ ਹੋ ਗਿਆ।

ਦੂਜੀ ਦਾਸਤਾਨ ਤਖ਼ਤ ਹਜ਼ਾਰੇ ਦੇ ਰਾਂਝੇ ਤੇ ਝੰਗ ਸਿਆਲਾਂ ਦੀ ਹੀਰ ਦੀ ਏ। ਪੰਜਾਬੀ ਅਦਬ ਵਿਚ ਇਹ ਦਾਸਤਾਨ ਇਕ ਨਿਵੇਕਲਾ ਮੁਕਾਮ ਰੱਖਦੀ ਏ। ਧੀਦੋ ਰਾਂਝਾ, ਹੀਰ ਦੇ ਹੁਸਨ ਦਾ ਅਸੀਰ ਹੋ ਜਾਂਦਾ ਏ ਤੇ

ਘਰਬਾਰ, ਦੌਲਤ ਜਾਇਦਾਦ ਸਭ ਛੱਡ ਕੇ ਹੀਰ ਦੇ ਘਰ ਚਾਕ ਬਣ ਜਾਂਦਾ ਏ। ਹੀਰ ਦੇ ਇਸ਼ਕ ਵਿਚ ਉਹਨੇ ਬਾਰਾਂ ਸਾਲ ਮੱਝਾਂ ਚਰਾਈਆਂ, ਕੰਨ ਪੜਵਾਏ, ਜੋਗ ਲਿਆ। ਇਸ਼ਕ ਦੀ ਏਸ ਦਾਸਤਾਨ ਵਿਚ ਵੀ ਮਿਲਾਪ ਮੌਤ ਦੀ ਸੂਰਤ ਵਿਚ ਹੋਇਆ। ਸੱਸੀ ਪੁੰਨੂੰ, ਲੈਲਾ ਮਜਨੂੰ ਤੇ ਹੀਰ ਰਾਂਝਾ ਦੀਆਂ ਦਾਸਤਾਨਾਂ ਨੂੰ ਨਜ਼ਮ ਨਾਲ ਜੋੜ ਕੇ ਪੜ੍ਹੀਏ ਤਾਂ ਪਤਾ ਚਲਦਾ ਏ ਸ਼ਾਇਰ ਨੇ ਸਾਨੂੰ "ਇਸ਼ਕ-ਏ-ਮਜ਼ਾਜ਼ੀ" ਤੇ "ਇਸ਼ਕ-ਏ-ਹਕੀਕੀ "ਦਾ ਪਾਠ ਪੜ੍ਹਾਇਆ ਏ। ਇਹ ਤਿੰਨ ਦਾਸਤਾਨਾਂ ਇਸ਼ਕ ਮਜ਼ਾਜ਼ੀ ਦਾ ਰੰਗ ਨੇ ਜਿਹਦੇ ਵਿਚ ਦੁਨਿਆਵੀ ਪਿਆਰ ਦੇ ਅਧੂਰੇ ਕਿੱਸੇ ਨੇ ਜੋ ਮਰ ਕੇ ਵੀ ਜਿਉਂਦੇ ਪਏ ਨੇ।

ਇਸ਼ਕ ਦਾ ਦੂਜਾ ਰੰਗ ਇਸ਼ਕ ਹਕੀਕੀ ਏ। ਹਕੀਕਤ ਰੱਬ ਏ। ਰੱਬ ਤੋਂ ਵੱਡਾ ਸੱਚ ਤੇ ਪ੍ਰੇਮ ਕੋਈ ਨਹੀਂ। ਜੋ ਆਪਣੇ ਆਪ ਨੂੰ ਰੱਬ ਦੀ ਜ਼ਾਤ ਵਿਚ ਫ਼ਨਾ ਕਰ ਦਿੰਦਾ ਏ ਉਹ ਮਨਸੂਰ ਖ਼ਿਲਾਜ ਵਾਂਗ ਅਨੱਲ ਹੱਕ ਦਾ ਨਾਅਰਾ ਲਾਉਂਦਾ ਏ (ਮਨਸੂਰ ਖ਼ਿਲਾਜ ਅੱਲ੍ਹਾ ਦੇ ਨੇਕ ਬੰਦੇ ਸਨ ਇਹ ਫ਼ਨਾ ਫ਼ੀ ਅੱਲ੍ਹਾ ਦੀ ਮੰਜ਼ਿਲ ਤੀਕ ਅੱਪੜੇ। ਵਕਤ ਦੇ ਹਾਕਮ ਨੇ ਇਨ੍ਹਾਂ ਦੀ ਗਰਦਨ ਲਹਾ ਦਿੱਤੀ ਪਰ ਤਲਵਾਰਾ ਤੇ ਟੰਗੀ ਗਰਦਨ ਵਿਚੋਂ ਵੀ ਅਨੱਲ ਹੱਕ ਯਾਨੀ ਮੈਂ ਰੱਬ ਹਾਂ ਦੀ ਅਵਾਜ਼ ਆਉਂਦੀ ਸੀ) ਅਗਲੇ ਮਿਸਿਰਿਆਂ ਵਿਚ ਫ਼ਿਰ ਸ਼ਿਕਵੇ ਦਾ ਰੰਗ ਏ ਜਿਨ੍ਹਾਂ ਵਿਚ ਮੋਹਨ ਸਿੰਘ ਰੱਬ ਨੂੰ ਦਿਲ ਦੇ ਦੁੱਖ ਸੁਣਾਂਦੇ ਨੇ ਜਿਵੇਂ

ਅਸੀਂ ਸੜ ਗਏ ਵਿਛੋੜੇ ਦੀ ਅੱਗ ਅੰਦਰ,<br>
ਲਾਗੇ ਵਸਦਿਆਂ ਆਇਆ ਨਾ ਸੇਕ ਤੈਨੂੰ।

ਰੱਬ ਪਾਲਣਹਾਰ ਏ। ਉਹਦੇ ਤੋਂ ਬਹੁਤਾ ਆਪਣੇ ਬੰਦੇ ਦੇ ਨੇੜੇ ਕੌਣ ਹੋ ਸਕਦਾ ਏ? ਮੋਹਨ ਸਿੰਘ ਵੀ ਇਹੋ ਗਿਲਾ ਕਰਦੇ ਨੇ ਪਈ ਅਜ਼ਲਾਂ ਤੋਂ ਇਨਸਾਨ ਆਪਣੇ ਬਣਾਉਣ ਵਾਲੇ ਦੀ ਦੀਦ ਲਈ ਤੜਪ ਰਿਹਾ ਏ ਪਰ ਉਹ ਰੱਬ ਜਿਹੜਾ ਇਨਸਾਨ ਦੀ ਰਗ-ਰਗ ਵਿਚ ਵਸਦਾ ਏ ਉਹ ਆਪਣੇ ਬੰਦੇ ਦੀ ਤੜਪ ਤੋਂ ਉੱਕਾ ਬੇਨਿਆਜ਼ ਏ। ਅਸੀਂ ਜਾਣਦੇ ਹਾਂ ਬੇਨਿਆਜ਼ ਤੇ ਲਾਪਰਵਾਹ ਹੋਣਾ ਵੀ ਰੱਬ ਦੀ ਇਕ ਵਡਿਆਈ ਏ ਜਿਸਨੂੰ ਮਹਿਬੂਬ ਦੀ ਅਦਾ ਵੀ ਆਖਿਆ ਜਾ ਸਕਦਾ ਏ।

ਕਿਸੇ ਛੰਨਾਂ ਬਣਾਇਆ ਜੇ ਖੋਪਰੀ ਦਾ

ਤੂੰ ਬੁਲ੍ਹੀਆਂ ਨਾਲ਼ ਛੁਹਾਇਆ ਨਾ।

ਕਿਸੇ ਦਿਲ ਦਾ ਰਾਂਗਲਾ ਪਲੰਘ ਡਾਹਿਆ

ਤੇਰੇ ਨਾਜ਼ ਨੂੰ ਨੀਂਦਰਾਂ ਆਈਆਂ ਨਾ।

ਕਿਸੇ ਜੁੱਤੀਆਂ ਸੀਤੀਆਂ ਚੰਮ ਦੀਆਂ

ਤੇਰੀ ਬੇਪਰਵਾਹੀ ਨੇ ਪਾਈਆਂ ਨਾ।

ਰਗੜ ਰਗੜ ਕੇ ਮਿੱਥੇ ਚਟਾਕ ਪੇ ਗਏ

ਅਜੇ ਰਹਿਮਤਾਂ ਤੇਰੀਆਂ ਛਾਈਆਂ ਨਾ।

ਮਾਰ ਸੁੱਟਿਆ ਤੇਰਿਆਂ ਰੋਸਿਆਂ ਨੇ

ਫੂਕ ਸੁੱਟਿਆ ਬੇਪਰਵਾਹੀ ਤੇਰੀ।

ਲੈ ਕੇ ਜਾਨ ਅਜੇ ਨਾ ਤੂੰ ਘੁੰਡ ਚਾਇਆ

ਖ਼ਬਰੇ ਹੋਰ ਕੀ ਏ ਮੂੰਹ ਵਿਖਾਈ ਤੇਰੀ

ਇਸ਼ਕ ਦਾ ਪੈਂਡਾ ਆਪਣੀ ਜ਼ਾਤ ਨੂੰ ਫ਼ਨਾ ਕਰਨ ਤੋਂ ਸ਼ੁਰੂ ਹੁੰਦਾ ਏ। ਆਸ਼ਿਕ ਆਪਣੇ ਨਫ਼ਸ ਨੂੰ ਮਾਰ ਮੁਕਾਉਂਦਾ ਏ ਤੇ ਅੰਦਰੋਂ ਬਾਹਰੋਂ ਪਾਕ ਹੋ ਕੇ ਮਾਸ਼ੂਕ ਨੂੰ ਮਨਾਉਂਦਾ ਤੇ ਰਿਝਾਉਂਦਾ ਏ। ਸਾਰੀ ਨਜ਼ਮ ਇਸ਼ਕ ਦੇ ਰੰਗ ਰੰਗੀ ਹੋਈ ਏ। ਖੋਪੜੀ ਦਾ ਛੰਨਾ ਯਾਨੀ ਪਿਆਲਾ ਬਣਾ ਕੇ ਮਹਿਬੂਬ ਨੂੰ ਪੇਸ਼ ਕਰਨਾ ਹੋਵੇ ਯਾ ਦਿਲ ਦਾ ਰੰਗੀਨ ਪਲੰਘ ਡਾਹ ਕੇ ਨਾਜ਼ਾਂ ਨਖ਼ਰਿਆਂ ਵਾਲੇ ਮਹਿਬੂਬ ਨੂੰ ਦਿਲ ਦੇ ਤਖ਼ਤ ਦਾ ਹੁਕਮਰਾਨ ਬਨਾਣਾ ਹੋਵੇ, ਮੋਹਨ ਸਿੰਘ ਹੋਰਾਂ ਕੋਲ ਜਜ਼ਬਿਆਂ ਦਾ ਘਾਟਾ ਨਹੀਂ। ਏਸ ਬੰਦ ਵਿਚ ਵੀ ਅਜ਼ਲੀ ਮਹਿਬੂਬ ਦੀ ਸਿਕ, ਸਧਰ ਤੇ ਬੇਪਰਵਾਹੀ ਦੇ ਗਿਲੇ ਨੇ । ਬਾਬਾ ਨਾਨਕ ਦੇ ਸ਼ਬਦ ਅਨੁਸਾਰ:

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥

ਗੁਰਾ ਇਕ ਦੇਹਿ ਬੁਝਾਈ ॥

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥

ਚੰਮ (ਚਮੜਾ ਯਾ ਪਿੰਡੇ ਦਾ ਮਾਸ ਏ) ਦੀਆਂ ਜੁੱਤੀਆਂ ਬਨਾਣਾ ਤੇ ਮਾਹੀ ਦਾ ਬੇ ਪ੍ਰਵਾਹ ਹੋਣਾ ਦੋ ਉਲਟ ਅੰਗ ਨੇ। ਇਕ ਪਾਸੇ ਇਸ਼ਕ ਦੀ ਇੰਤਹਾ ਏ ਕਿ ਆਸ਼ਿਕ ਆਪਣੇ ਜਿਸਮ ਦੀ ਖੱਲ ਨਾਲ ਮਹਿਬੂਬ ਦੇ ਕਦਮਾਂ ਲਈ ਜੁੱਤੀਆਂ ਬਣਾਂਦਾ ਏ ਤੇ ਦੂਜੇ ਪਾਸੇ ਸੱਜਣ ਬੇ-ਪ੍ਰਵਾਹ ਨੂੰ ਆਸ਼ਿਕ ਦੀ ਇਹ ਕੁਰਬਾਨੀ ਜ਼ਰਾ ਵੀ ਮੋਮ ਨਹੀਂ ਕਰਦੀ। ਕਿਉਂ ਜੇ ਸੱਜਣ ਉਹ ਮਹਿਬੂਬ ਏ ਜੀਹਨੇ ਏਸ ਸੰਸਾਰ ਦੇ ਮੁੱਢ ਤੋਂ ਅੱਜ ਤੀਕ ਘੁੰਡ ਨਹੀਂ ਚੁੱਕਿਆ। ਉਹ ਕਿਸੇ ਇਕ ਰੂਪ ਦਾ ਮੁਹਤਾਜ ਨਹੀਂ ਸਗੋਂ ਏਸ ਕਾਇਨਾਤ ਦੇ ਹਰ ਰੂਪ ਵਿਚ ਉਹਦਾ ਇੱਕ ਸਰੂਪ ਲੁਕਿਆ ਹੋਇਆ ਏ। ਕੋਈ ਵੀ ਲੇਖਕ ਆਪਣੇ ਅੰਦਰਲੇ ਜਜ਼ਬਿਆਂ ਤੋਂ ਵੱਖ ਹੋ ਕੇ ਕੁਝ ਨਹੀਂ ਲਿਖ ਸਕਦਾ। ਇਹ ਨਜ਼ਮ ਵੀ ਆਪਣੇ ਸਿਰਨਾਵੇਂ ਵਾਂਗ "ਅਣਡਿੱਠੀ" ਜ਼ਾਤ ਦੇ ਆਲੇ ਦੁਆਲੇ ਘੁੰਮਦੀ ਏ ਤੇ ਰੱਬੀ ਇਸ਼ਕ ਦਾ ਅਜਿਹਾ ਸਾਗਰ ਜਾਪਦੀ ਏ ਜਿਹਦਾ ਕੋਈ ਅੰਤ ਨਹੀਂ।

ਖ਼ਬਰੇ ਹੋਰ ਕੀ ਏ ਮੂੰਹ ਵਿਖਾਈ ਤੇਰੀ

ਪੰਜਾਬ ਦੀ ਇੱਕ ਪੁਰਾਣੀ ਰਸਮ ਨੂੰ ਵੀ ਚੇਤੇ ਕਰਵਾਇਆ ਏ ਮੋਹਨ ਸਿੰਘ ਨੇ ਇਥੇ। ਮੂੰਹ ਵਿਖਾਈ ਸਦੀਆਂ ਪੁਰਾਣੀ ਇਕ ਰੀਤ ਏ ਜਿਹਦੇ ਵਿਚ ਨਵੀਂ ਨਵੇਲੀ ਵਹੁਟੀ ਨੂੰ ਘੁੰਡ ਚੁੱਕਣ ਦੇ ਬਦਲੇ ਕੀਮਤੀ ਤੋਹਫੇ ਦਿੱਤੇ ਜਾਂਦੇ ਨੇ। ਏਸ ਰਸਮ ਨੂੰ ਨਿਭਾਵਨ ਤੋਂ ਬਾਅਦ ਦੋ ਜੀਆਂ ਦੀ ਨਵੀਂ ਹਯਾਤੀ ਸ਼ੁਰੂ ਹੁੰਦੀ ਏ। ਮੋਹਨ ਸਿੰਘ ਰੱਬ ਦੀ ਇਕ ਝਲਕ ਲਈ ਜਾਨ ਵਾਰਨ ਨੂੰ ਵੀ ਘੱਟ ਸਮਝਦੇ ਹਨ। ਜਦੋਂ ਆਪਣੀ ਜਾਨ ਦਾ ਵੀ ਮੁੱਲ ਨਾ ਰਵੇ ਉਦੋਂ ਆਸ਼ਿਕ ਇਸ਼ਕ ਦੀ ਸਭ ਤੋਂ ਉੱਚੀ ਪੌੜ੍ਹੀ ਬੈਠਾ ਨਜ਼ਰ ਆਉਂਦਾ ਹੈ। ਮੋਹਨ ਸਿੰਘ ਵੀ ਉਥੇ ਸੱਚੇ ਆਸ਼ਿਕਾਂ ਦੀ ਵਡਿਆਈ ਦੇ ਮਜ਼ੇ ਮਾਣਦੇ ਨੇ।

ਨਜ਼ਮ ਮੁੱਢ ਤੋਂ ਅਖ਼ੀਰ ਤੱਕ ਨਿਰੇ ਅੱਖਰਾਂ ਤੇ ਮਿਸਰਿਆਂ ਦਾ ਜੋੜ ਤੋੜ ਨਹੀਂ, ਸਗੋਂ ਇੱਕ ਸਾਲਿਕ ਲਈ ਸਲੂਕ ਦੀਆਂ ਮੰਜ਼ਿਲਾਂ ਨੇ। ਇੱਕ ਸਵਾਲੀ ਲਈ ਜਵਾਬ ਨੇ ਤੇ ਇੱਕ ਫ਼ਕੀਰ ਲਈ ਫ਼ਕਰ ਦੀ ਰਾਹ ਏ। ਅਖ਼ੀਰਲੇ ਸ਼ਿਅਰਾਂ ਵਿਚ ਬੁਲ੍ਹੇ ਸ਼ਾਹ ਦੇ ਵਿਚਾਰਾਂ ਦੀ ਦੱਸ ਪੈਂਦੀ ਏ ।

ਹੁਣ ਕਿਸ ਥੀਂ ਆਪ ਛੁਪਾਈਦਾ।

ਕਿਤੇ ਮੁੱਲਾਂ ਬਾਂਗ ਬੁਲੀਂਦੇ ਹੋ।

ਕਿਤੇ ਸੁੰਨਤ ਫ਼ਰਜ਼ ਦਸੀਂਦੇ ਹੋ।

ਕਿਤੇ ਰਾਮ ਦੁਹਾਈ ਦਿੰਦੇ ਹੋ।

ਕਿਤੇ ਮਿੱਥੇ ਤਿਲਕ ਲਗਾਈਦਾ।

ਹੁਣ ਕਿਸ ਥੀਂ ਆਪ ਛੁਪਾਈਦਾ।

ਧਰਮਾਂ ਦੀ ਵੰਡ ਨੇ ਇਨਸਾਨਾਂ ਨੂੰ ਵੱਖੋ ਵੱਖ ਭੁਲੇਖਿਆਂ ਵਿਚ ਪਾ ਦਿੱਤਾ ਏ। ਜੇ ਇਹ ਵੰਡ ਮੁਕਾ ਕੇ ਇਨਸਾਨ ਇਸ਼ਕ ਦਾ ਪਾਂਧੀ ਬਣ ਜਾਵੇ ਤੇ ਇਹ ਸੰਸਾਰ ਇਕੋ ਜ਼ਾਤ ਦੇ ਰੰਗ ਰੰਗਿਆ ਜਾਵੇ । ਮੋਹਨ ਸਿੰਘ ਨੇ ਵੀ ਬੁਲ੍ਹੇ ਸ਼ਾਹ ਦੇ ਵਿਚਾਰ ਅਗਾਂਹ ਵਧਾਏ ਨੇ।

ਜੇ ਤੂੰ ਮੂੰਹ ਤੋਂ ਜ਼ੁਲਫ਼ਾਂ ਹਟਾ ਦੇਵੇਂ

ਬਿੱਟ-ਬਿੱਟ ਤੱਕਦਾ ਕੁੱਲ ਸੰਸਾਰ ਰਹਿ ਜਾਏ।

ਰਹਿ ਜਾਏ ਭਾਈ ਦੇ ਹੱਥ ਵਿਚ ਸੰਖ ਫੜਿਆ

ਬਾਂਗ ਮੁੱਲਾਂ ਦੇ ਸੰਘ ਵਿਚਕਾਰ ਰਹਿ ਜਾਏ।

ਪੰਡਤ ਹੁਰਾਂ ਦਾ ਰਹਿ ਜਾਏ ਸੰਧੂਰ ਘੁਲਿਆ।

ਜਾਮ ਸੂਫ਼ੀ ਦਾ ਹੋਇਆ ਤਿਆਰ ਰਹਿ ਜਾਏ।

ਕਲਮ ਢੈਹ ਪਏ ਹੱਥੋਂ ਫ਼ਿਲਾਸਫ਼ਰ ਦੀ

ਮੁਨਕਰ ਤੱਕਦਾ ਤੇਰੀ ਨੁਹਾਰ ਰਹਿ ਜਾਏ।

ਇੱਕ ਘੜੀ ਜੇ ਖੁੱਲ੍ਹਾ ਦੀਦਾਰ ਦੇ ਦੇਈਂ

ਸਾਡਾ ਨਿੱਤ ਦਾ ਝਗੜਾ ਚੁੱਕ ਜਾਵੇ।

ਤੇਰੀ ਜ਼ੁਲਫ਼ ਦਾ ਸਾਂਝਾ ਪਿਆਰ ਹੋਵੇ

ਝਗੜਾ ਮੰਦਰ, ਮਸੀਤ ਦਾ ਮੁੱਕ ਜਾਵੇ।

ਪੂਰੀ ਨਜ਼ਮ ਵਿਚ ਜ਼ੁਲਫ਼ਾਂ ਦੀਆਂ ਗੁੰਝਲਾਂ, ਮੂੰਹ ਤੋਂ ਜ਼ੁਲਫ਼ਾਂ ਹਟਾਉਣਾ ਤੇ ਜ਼ੁਲਫ਼ ਦਾ ਸਾਂਝਾ ਪਿਆਰ ਵਰਗੇ ਸ਼ਬਦਾਂ ਦੀ ਤਕਰਾਰ ਮਿਲਦੀ ਏ। ਨਜ਼ਮ ਬਹੁ ਥਾਵਾਂ ਤੇ ਲੋਕ ਗੀਤ ਦੀ ਭਾਅ ਮਾਰਦੀ ਏ। ਮਾਹੀ ਦੀਆਂ ਜ਼ੁਲਫ਼ਾਂ ਦੇ ਕੁੰਡਲ਼ ਦਾ ਜ਼ਿਕਰ ਲੋਕ ਗੀਤਾਂ ਵਿਚ ਕਾਫ਼ੀ ਮਿਲਦਾ ਏ। ਹੁਣ ਸੋਚਣ ਵਾਲੀ ਗੱਲ ਇਹ ਹੈ "ਮੂੰਹ ਤੋਂ ਜ਼ੁਲਫ਼ਾਂ ਹਟਾਵਨ" ਦਾ ਕੀ ਮਤਲਬ ਏ? ਅਸਲ ਵਿਚ ਇਹ ਰੱਬ ਦੇ ਦੀਦਾਰ ਦੀ ਤਲਬ ਏ ਜਿਹੜੀ ਅਜ਼ਲਾਂ ਤੋਂ ਆਸ਼ਿਕ ਆਪਣੇ ਢੰਗ ਨਾਲ਼ ਕਰਦੇ ਆਏ ਨੇ। ਰੱਬ ਨੂੰ ਵੇਖਣ ਦੀ ਚਾਹ ਹਜ਼ਰਤ ਮੂਸਾ ਨੇ ਤੂਰ ਦੇ ਪਹਾੜ ਤੇ ਕੀਤੀ ਪਰ ਰੱਬ ਦੇ ਨੂਰ ਦੀ ਤਜਲੀ ਸਹਾਰ ਨਾ ਸਕੇ ਆਪ ਬੇਹੋਸ਼ ਹੋ ਗਏ ਤੇ ਤੂਰ ਦਾ ਪਹਾੜ ਸੜ ਕੇ ਸੁਆਹ ਹੋ ਗਿਆ। (ਹਜ਼ਰਤ ਮੂਸਾ ਅੱਲ੍ਹਾ ਦੇ ਪੈਗ਼ੰਬਰ ਸਨ ਉਨ੍ਹਾਂ ਵੀ ਰੱਬ ਦੀ ਇੱਕ ਝਲਕ ਲਈ ਜ਼ਿੱਦ ਕੀਤੀ ਪਰ ਨੂਰ ਦੀ ਤਜਲੀ ਬਰਦਾਸ਼ਤ ਨਾ ਕਰ ਸਕੇ) ਮੋਹਨ ਸਿੰਘ ਵੀ ਰੱਬੀ ਪ੍ਰੀਤ ਤੇ ਇਸ਼ਕ ਦੀ ਪੰਡ ਸਿਰ ਤੇ ਚੁੱਕੀਂ ਅਖ਼ੀਰ ਉਸ ਪਾਕ ਜ਼ਾਤ ਅੱਗੇ ਹਾਰ ਮੰਨ ਲੈਂਦੇ ਨੇ। ਰੱਬ ਦੀ ਇਕ ਝਲਕ ਦੇ ਤਲਬਗਾਰ ਬਣ ਜਾਂਦੇ ਨੇ। ਆਖਦੇ ਨੇ ਰੱਬਾ ਤੇਰੇ ਨੂਰ ਦੇ ਲਸ਼ਕਾਰਿਆਂ ਨਾਲ ਸਭ ਹਨੇਰੇ ਮੁੱਕ ਜਾਵਣਗੇ। ਹਰ ਪਾਸੇ ਚਾਨਣ ਹੀ ਚਾਨਣ ਹੋਵੇਗਾ। ਇਹ ਚਾਨਣ ਕੁਲ ਲੋਕਾਈ ਨੂੰ ਇਕ ਮਿਕ ਕਰ ਦੇਵੇਗਾ। ਬਿੱਟ-ਬਿੱਟ ਤੱਕਦਾ ਕੁੱਲ ਸੰਸਾਰ ਰਹਿ ਜਾਏ

“ਬਿੱਟ-ਬਿੱਟ” ਤੱਕਣਾ ਰੱਬ ਦੇ ਹੁਸਨ ਨੂੰ ਬਿਆਨ ਲਈ ਵਰਤਿਆ ਗਿਆ ਏ। ਯਾਨੀ ਰੱਬ ਦੀ ਜ਼ਾਤ ਏਨੀ ਸੋਹਣੀ ਹੋਵੇਗੀ ਕੁਲ ਸੰਸਾਰ ਪਲਕਾਂ ਝਪਕਣਾਂ ਭੁੱਲ ਜਾਵੇਗਾ। ਰੱਬ ਦੇ ਨੂਰ ਦੇ ਲਿਸ਼ਕਾਰਿਆਂ ਨਾਲ ਸਭ ਤੇ ਸਹਿਰ ਤਾਰੀ ਹੋ ਜਾਵੇਗਾ ਮੌਲਵੀ ਅਜ਼ਾਨ ਦੇਣੀ ਭੁੱਲ ਜਾਵੇਗਾ ਤੇ ਮੰਦਰਾਂ ਵਿਚ ਸੰਖ ਦੀ ਅਵਾਜ਼ ਅੱਧ ਵਿਚਕਾਰ ਹੀ ਰਹਿ ਜਾਏਗੀ।"ਸੂਫ਼ੀ"ਜਿਹੜਾ ਆਪਣੇ ਦਿਲ ਨੂੰ ਹਰ ਤਰ੍ਹਾਂ ਦੀ ਬੁਰਾਈ ਤੋਂ ਪਾਕ ਕਰ ਕੇ ਰੱਬ ਦੀ ਰਾਹ ਤੇ ਤੁਰਦਾ ਏ ਤੇ "ਫ਼ਿਲਾਸਫ਼ਰ"ਜਿਹੜਾ ਰੱਬ ਦੇ ਵਜੂਦ ਬਾਰੇ ਵੱਖੋ ਵੱਖ ਫ਼ਲਸਫ਼ੇ ਬਿਆਨ ਕਰਦਾ ਏ ਰੱਬ ਦੀ ਇੱਕ ਝਲਕ ਵੇਖ ਮਜਨੂੰ ਵਾਂਗ ਦੀਵਾਨੇ ਹੋ ਜਾਣਗੇ। ਆਸ਼ਿਕਾਂ ਦੀ ਤਲਬ ਦੀਦ ਦੇ ਜਾਮ ਪੀ ਕੇ ਹੋਰ ਵੱਧ ਜਾਵੇਗੀ।

"ਮੁਨਕਰ" ਜਿਹੜਾ ਰੱਬ ਦੇ ਵਜੂਦ ਤੋਂ ਉੱਕਾ ਇਨਕਾਰੀ ਏ ਉਹਦੀ ਜ਼ਾਤ ਦੀ "ਨੁਹਾਰ" ਨੂੰ ਤੱਕਦਾ ਰਹਿ ਜਾਵੇਗਾ। "ਨੁਹਾਰ" ਇਥੇ ਰੰਗ, ਰੂਪ ਤੇ ਸੁਹੱਪਣ ਲਈ ਵਰਤਿਆ ਗਿਆ ਏ।

ਮੋਹਨ ਸਿੰਘ ਅਜ਼ਲਾਂ ਤੋਂ ਮੰਦਰ, ਮਸੀਤ ਦੇ ਝਗੜੇ ਦਾ ਇਹੋ ਹੱਲ ਕੱਢਦੇ ਨੇ ਇਕ ਵਾਰ ਰੱਬ ਦੀ ਸੋਹਣੀ ਜ਼ਾਤ ਸਾਹਮਣੇ ਦੀਦਾਰ ਦੇ ਦੇਵੇ ਤਾਂ ਜੇ ਇਹ ਸੰਸਾਰ ਅਮਨ, ਸਕੂਨ ਤੇ ਪਿਆਰ ਪ੍ਰੀਤ ਦਾ ਗੜ੍ਹ ਬਣ ਜਾਵੇ। ਮੌਲਵੀ ਦੀ ਅਜ਼ਾਨ, ਪੰਡਤ ਦੇ ਸੰਧੂਰ ਤੇ ਮੰਦਰ ਦੇ ਸੰਖ ਵਿਚ ਸਿਰਫ਼ ਇਕੋ ਜ਼ਾਤ ਦੀ ਕੂਕ ਸੁਣਾਈ ਦੇਵੇਗੀ। ਸਭ ਇਕ ਰੱਬ ਤੇ ਤੱਕ ਧਰਮ ਦੇ ਪਿਛਲੱਗ ਹੋਣਗੇ।

ਮੁੱਕਦੀ ਇਹ ਪਈ ਮੋਹਨ ਸਿੰਘ ਦੀ ਨਜ਼ਮ ਸੂਫ਼ੀ ਸ਼ਾਇਰਾਂ ਦੀ ਰੀਤ, ਲੋਕ ਦਾਸਤਾਨਾਂ, ਧਰਮਾਂ ਮਜ਼ਹਬਾਂ ਦੀਆਂ ਵੰਡਾਂ, ਸਾਲਿਕ ਤੇ ਸਲੂਕ ਦੀਆਂ ਮੰਜ਼ਿਲਾਂ, ਆਸ਼ਿਕਾਂ ਦੇ ਇਸ਼ਕ ਦੀ ਤਾਂਘ, ਰੱਬ ਨੂੰ ਭਾਲਣ ਦੀ ਸਿਕ ਤੇ ਸਧਰ ਤੋਂ ਅੱਡ ਜ਼ਬਾਨ ਦੀ ਸਾਦਗੀ ਤੇ ਰਵਾਨੀ ਦੀ ਸੋਹਣੀ ਮਿਸਾਲ ਏ। ਮੋਹਨ ਸਿੰਘ ਸਾਨੂੰ ਇਹ ਦੱਸਣਾ ਚਾਹੁੰਦੇ ਨੇ ਰੱਬ ਦੀ ਰਾਹ ਇਸ਼ਕ ਦੀ ਰਾਹ ਏ ਤੇ ਇਸ਼ਕ ਹੱਕ ਏ, ਹੱਕ ਅਸਲ ਵਿਚ ਰੱਬ ਏ ਤੇ ਰੱਬ ਨੂੰ ਪਾਵਨ ਪਾਉਣ ਲਈ ਸਦੀਆਂ ਤੋਂ ਤੁਰੀਆਂ ਆਉਂਦੀਆਂ ਰੀਤਾਂ ਰਸਮਾਂ ਵਿਚ ਬੱਝ ਕੇ ਲੜ੍ਹਨ ਦੀ ਬਜਾਏ ਮਨੁੱਖ ਆਪਣੀ ਹੋਂਦ ਨੂੰ ਸਿਆਣੇ। ਇੰਝ ਧਰਮਾਂ ਦੀ ਵੰਡ ਤੋਂ ਮੁਕਤ ਹੋ ਕੇ ਇਨਸਾਨ ਤੇ ਇਨਸਾਨੀਅਤ ਦਾ ਪ੍ਰਚਾਰਕ ਬਣੇ। ਇਹੋ ਸਬਕ ਸਦੀਆਂ ਪਹਿਲਾਂ ਸਾਡੇ ਸੂਫ਼ੀ ਸ਼ਾਇਰਾਂ ਪੜ੍ਹਾਇਆ ਇਹੋ ਗੱਲ ਆਪਣੇ ਸਮਾਜਿਕ ਪਿਛੋਕੜ ਨੂੰ ਧਿਆਨ ਵਿਚ ਰੱਖਦਿਆਂ ਮੋਹਨ ਸਿੰਘ ਹੋਰਾਂ ਨੇ ਕੀਤੀ।

-----------------------------------------------------------------------------------